public statement to say that only the Guru Khalsa Panth had the right to censure any writing or to issue a condemnation. They pleaded for close public scrutiny of the writings before condemnation. This was ignored. Then suddenly on December 23, 2002, the `five Singhs' assembled at the Takhat and issued a hukamnama' asking Kala Afghana to explain why he had written some sentences termed as objectionable. They asked him to appear at the Takhat on February 10, 2003, to answer the charges. Eighty-one year old Kala Afghana wrote on January 5, 2003 and January 10, 2003 to say that he was unable to come to India because he feared arrest, as his name was included in the list of those to be arrested for political reasons. He said he was unwell and not fit to travel. Consequently he requested Gurtej Singh to answer the charges on his behalf at the Takhat. A convention of the learned people well versed in gurmat was held on February 1, 2003 and reply to the eleven sentences (277 words from four paragraphs mainly in two books) considered objectionable was drafted. A booklet of about a hundred pages was prepared to explain in detail how the eleven sentences were perfectly in order. Repeated written requests were made to the `five Singhs' to hold a videotaped public enquiry into the charges in consultation with the Panth. On February 10, 2003, three hundred people from all over the state, from Delhi and Jammu presented themselves at the Akal Takhat to explain the charges verbally. The `five Singhs' refused to listen to any one. They did not accept Kala Afghana's representative Gurtej Singh. They ordered that Kala Afghana himself would be questioned by means of videoconference. Kala Afghana requested to be informed giving him ten clear days to appear in view of his wife's illness. He also requested not to be called at a particular Gurdwara where organizers had threatened to physically eliminate him. The `five Singhs' nevertheless asked him to appear at three day's notice and at the same Gurdwara controlled by people hostile to him. Kala Afghana presented himself in spite of all the difficulties on the appointed day at the designated place. The `five Singhs' postponed the videoconference without assigning any reason. It was promised that a new date for the videoconference would be announced. This was never done. Some prominent lawyers of Chandigarh including Gurdarshan Singh Grewal, Balwant Singh Gulliani, Amar Singh Chahal and Navkiran Singh wrote to the Akal Takhat on March 17, 2003 to adopt a just procedure to deal with Kala Afghana. By the second of April Kala Afghana's comments on the Gurbilas Patshahi 6, were complete. These are in the form of a book. This book was being prepared for publication at Amritsar. Suddenly on the fifth of April 2003, appeared the news that the `five Singhs' had placed an interim ban on the reading, publication and sale of all works of Kala Afghana. Final decision is to be taken on May 10, 2003. Salient features of the ban: 1) Ban is clamped without a warning and without giving any time to the public to react. 2). The `five Singhs' held a meeting without announcing the agenda. They imposed the ban ignoring that fact the matter was pending for videoconference with the author. Conclusions: 1) The `five Singhs' are determined to impose the ban without openly and freely discussing the matter of offending 11 sentences which are absolutely innocuous in the context. 2). These 11 sentences considered objectionable are contained in four paragraphs of three books but they have chosen to ban ten other books also about which, even according to them, nothing objectionable has been discovered. For the last several years these other books have been under the scrutiny of the forces advising the Takhat. 3) Ban is imposed on the three new books, which are to be printed for the first time. 4) It is the `lamb and the lion' or the `Bush and Saddam Hussain' story all over again. The only conclusion is that the `five Singhs' are determined to snuff out Kala Afghana. His only offence appears to be his comments on `Gurbilas Patshahi 6' edited by Giani Joginder Singh, `Jathedar' of the Akal Takhat. Appeal: With all the force at my command and in absolute humility I want to appeal to the Guru Khalsa Panth to wake up and see the enormity of the wrong being done to gurmat as all the books of Kala Afghana in exposition of true principles laid down by the Guru. I appeal to the `five Singhs' not to use the sledgehammer of the powers of the Akal Takhat against an innocent old man expounding gurmat. I appeal to them not to do so just for the purpose of preventing publication of a book criticizing incompetent editing of Gurbilas Patshahi 6 by Giani Joginder Singh. I appeal to them not to do it in this manner as it smacks of back stabbing in view of the fact that the case before them is pending for videoconference with the author. I appeal to them to have a public discussion on what is considered objectionable in Kala Afghana as well placed scholars say that there is nothing objectionable in what he has written.

*****

# ਉਲਟਾ ਚੋਰ ਕੋਤਵਾਲ ਕੋ ਡਾਂਟੇ

**ੴ ਸਤਿਗੁਰ ਪ੍ਰਸਾਦਿ ॥**

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥**

March 5 2003

**ਵਿਸ਼ਾ:-(ਸਿੰਘ ਸਾਹਿਬ) ਗਿਆਨੀ ਜੋਗਿੰਦਰ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖ਼ਤ) ਦੇ ਵਿਰੁੱਧ, ਗੁਰਮਤਿ ਵਿਰੋਧੀ, ਪੰਥ ਘਾਤਕ ਦੋਸ਼ਾਂ ਪ੍ਰਤੀ ਅਤੇ ਨਿਰੋਲ ਬਦਲਾ ਲਊ ਭਾਵਨਾ ਨਾਲ ਦਾਸ ਵਿਰੁੱਧ ਕੀਤੇ ਜਾ ਰਹੇ ਧੱਕੇ ਪ੍ਰਤੀ ਨਿਆਂ ਪਰਾਪਤੀ ਲਈ ਜੋਦੜੀ ਪੱਤਰ-**

**ਸਤਿਕਾਰ ਯੋਗ, ਸ: ਕਿਰਪਾਲ ਸਿੰਘ ਜੀ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ॥ ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**

ਕੈਨੇਡਾ ਦੇਸ਼ ਦੇ ਟਰਾਂਟੋ ਸ਼ਹਿਰ ਦੇ ਸੁਰਸਾਗਰ ਰੇਡੀਉ ਦੇ 'ਭਖਦੇ ਮਸਲੇ' ਪ੍ਰੋਗਰਾਮ ਦੇ ਹੋਸਟ ਸ: ਮਨਜੀਤ ਸਿੰਘ ਜੀ ਸਹੋਤਾ ਨਾਲ ਹੋਏ ਬਚਨਾ ਉਪਰੰਤ ਵੀ ਕਈ ਸੱਜਣਾ ਦੇ

ਮੂਹੋਂ ਤੁਹਾਡੀ ਸੋਭਾ ਸੁਣੀ। ਸਹੋਤਾ ਜੀ ਦੇ ਇਕ ਵਿਸ਼ੇਸ਼ ਪ੍ਰਸ਼ਨ ਦੇ ਉੱਤਰ ਵਿਚ ਜਦ ਤੁਸਾਂ ਇਹ ਫ਼ੁਰਮਾਨ ਕੀਤਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਕੀਤੇ ਅਯੋਗ ਵਿਹਾਰ ਬਾਰੇ **SGPC** ਕੋਲ ਸ਼ਕਾਇਤ ਹੋ ਸਕਦੀ ਹੈ ਤਾਂ ਇਉਂ ਅਨੁਭਵ ਹੋਇਆ ਜਿਵੇ ਤੂਫ਼ਾਨੀ ਲਹਿਰਾਂ ਵਿਚ ਡੁਬ ਰਹੇ ਨੂੰ ਬੜਾ ਸ਼ਕਤੀ-ਸ਼ਾਲੀ ਸਹਾਰਾ ਮਿਲ ਗਿਆ ਹੋਵੇ। ਘੁਣ ਵਾਂਗ ਚੰਬੜਿਆ **ਇਹ ਭਰਮ ਦੂਰ ਹੋ ਗਿਆ** ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਜੀ ਦੀ ਸਿਰਮੌਰਤਾ ਏਥੇ ਤਕ ਪਹੁੰਚ ਚੁੱਕੀ ਹੈ ਕਿ, ਭਾਵੇਂ ਉਹ ਸਤਿਗੁਰੂ ਗ੍ਰੰਥ ਸਾਹਿਬ ਜੀ ਲਈ ਵੀ ਬੜੇ ਵਡੇ ਅਪਰਾਧੀ ਬਣ ਰਹੇ ਹੋਣ, ਉਨ੍ਹਾਂ ਵਿਰੁੱਧ ਕਿਸੇ ਵੀ ਸੰਸਾਰੀ ਸ਼ਕਤੀ ਜਾਂ ਵਿਅਕਤੀ ਕੋਲ ਸ਼ਕਾਇਤ ਨਹੀਂ ਕੀਤੀ ਜਾ ਸਕਦੀ "- ਆਪ ਜੀ ਵਲੋਂ ਰੇਡੀਉ ਤੇ ਦਿਵਾਏ ਇਸ ਸੁਖਾਂਵੇ ਭਰੋਸੇ ਤੋਂ ਪ੍ਰੇਰਤ ਹੋ ਕੇ, ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਨਿਮਾਣਾ ਦਾਸਰਾ, ਇਸ ਜੋਦੜੀ ਪੱਤਰ ਰਾਹੀਂ ਆਪ ਜੀ ਦੀ ਸੇਵਾ ਵਿਚ, ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਜੀ ਦੇ ਵਿਰੁੱਧ ਉਨ੍ਹਾਂ ਦੋਸ਼ਾਂ ਦਾ ਵੇਰਵਾ ਲੈ ਕੇ ਹਾਜ਼ਰ ਹੋਇਆ ਹੈ ਜਿਹੜੇ ਸਤਿਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਕੇਵਲ ਗੁਰਮਤਿ ਵਿਰੋਧੀ ਹੀ ਨਹੀਂ, ਸਗੋਂ ਦੁਖਦਾਈ ਹਦ ਤੱਕ ਪੰਥ ਘਾਤਕ ਵੀ ਹਨ। ਉਨ੍ਹਾਂ ਦਾ ਵੇਰਵਾ ਲਿਖਣਾ ਅਰੰਭ ਕਰਨ ਤੋਂ ਪਹਿਲਾਂ ਦਾਸ ਕੁਝ ਆਪਣੇ ਬਾਰੇ ਸੰਖੇਪ ਸ਼ਬਦਾਂ ਵਿਚ ਜਾਣਕਾਰੀ ਲਿਖਣ ਦੀ ਅਗਿਆ ਚਾਹੁੰਦਾ ਹੈ-

(ਅਜੋਕੇ ਪਾਕਿਸਤਾਨ) ਮਿੰਟਗੁਮਰੀ ਜ਼ਿਲ੍ਹੇ ਦੇ ੩੯/੧੪L ਪਿੰਡ ਦੇ ਆਬਾਦਕਾਰ, ਫ਼ੌਜੀ ਪੈਨਸ਼ਨਰ ਸ: ਆਲਾ ਸਿੰਘ ਜੀ ਦਾ ਇਕਲੌਤਾ ਸਪੁੱਤਰ ਹਾਂ ਜਨਮ ਤਾਰੀਖ਼ ੧੭ ਅਕਤੂਬਰ ੧੯੨੨ ਹੈ। ਮਿੰਟਗੁਮਰੀ ਵਿਚਲੇ ਸਰਕਾਰੀ ਕਾਲਜ ਵਿਚ **BA** ਕੀਤੀ। ਸਕੂਲੀ ਪੜ੍ਹਾਈ ਸਮੇ ਭੁਜੰਗੀ ਸਭਾ ਦਾ ਤੇ ਕਾਲਜ ਦੀ ਪੜ੍ਹਾਈ ਸਮੇ (ਸੰਨ ੧੯੪੫ ਤੋਂ ੧੯੪੭) ਤਕ ਸਿੱਖ ਸਟੂਡੈਂਟ ਫ਼ੈਡਰੇਸ਼ਨ ਦਾ ਪ੍ਰਧਾਨ ਰਿਹਾ। ਦੇਸ਼ ਦੀ ਵੰਡ ਉਪਰੰਤ ਪ੍ਰਵਾਰ ਸਹਿਤ ਪੰਜਾਬ ਦੇ ਗੁਰਦਾਸਪੁਰ ਜ਼ਿਲੇ ਪੁਜਿਆ, ਉਜਾੜੇ ਤੋਂ ਵਾਪਰੀ ਤੰਗ-ਦਸਤੀ ਦੇ ਕਾਰਨ ਪੁਲਸ ਵਿਚ ਸਿਪਾਹੀ ਭਰਤੀ ਹੋ ਗਿਆ। ੩੮ ਸਾਲ ਦੀ ਨੌਕਰੀ ਵਿਚ ਇਨਸਪੈਕਟਰੀ ਰੁਤਬੇ ਤਕ ਪੁੱਜਾ। ਮਈ/ਜੂਨ ੧੯੮੩ ਤੋਂ ੩੦ ਦਸੰਬਰ ੧੯੮੩ ਤਕ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਸੇਵਾ ਵਿਚ, ਸ੍ਰੀ ਦਰਬਾਰ ਸਾਹਿਬ ਵਿਖੇ ਨਾਨਕ ਨਿਵਾਸ ਸਰਾਂ ਵਿਚ ਰਿਹਾ । ਪ੍ਰਵਾਰਕ ਮਜਬੂਰੀ ਦੇ ਕਾਰਨ ਕੇਨੇਡਾ ਆਉਣਾ ਪਿਆ। ਬਾਬਾ ਜੀ ਦੀ ਆਗਿਆ ਨਾਲ ਪਾਸਪੋਰਟ ਲਈ ਦਰਖ਼ਾਸਤ ਲਿਖ ਭੇਜੀ। ਪਹਿਲੀ ਜਨਵਰੀ ੧੯੮੪ ਤੋਂ ਕੈਨੇਡਾ ਪੁੱਜਾ। ਜੂਨ ੧੯੮੪ ਵਿਚ **ਨੀਲਾ ਤਾਰਾ** ਇਕ ਬੜਾ ਦੁਖਦਾਈ ਸਾਕਾ ਵਰਤ ਗਿਆ ਤੇ ਬਾਬਾ ਜਰਨੈਲ ਸਿੰਘ ਜੀ ਦੇ ਪਿਠੂ ਪੁਲੀਸ ਅਫ਼ਸਰਾਂ ਦੇ ਵਿਰੁੱਧ ਇੰਦਰਾ ਸਰਕਾਰ ਦਾ ਦਮਨ ਚੱਕਰ ਚਲ ਪਿਆ। ਬੜੀ ਸਰਗਰਮੀ ਨਾਲ ਦਾਸ ਦੀ ਭਾਲ ਹੋਈ। ਨਾ ਲੱਭਾ ਤੇ ਦਾਸ ਦੇ ਗ੍ਰਿਫ਼ਤਾਰੀ ਵਾਰੰਟ ਫਿਰ ਜਾਇਦਾਦ ਕੁਰਕੀ ਦਾ ਹੁਕਮ, ਪਿਛੇ ਰਹੇ ਪਰਵਾਰ ਨੂੰ ਤੰਗੀਆਂ ਤੇ ਹੋਰ ਕਈ ਭਾਣੇ । ਦੇਸ ਦੇ ਸਾਰੇ ਹਵਾਈ ਅੱਡਿਆਂ ਤੇ ਦਾਸ ਦਾ ਨਾਮ **ਇਸ਼ਤਿਹਾਰੀ ਦੋਸ਼ੀਆਂ** ਦੀ ਸੂਚੀ ਤੇ ਸ਼ਾਇਦ ਪਹਿਲੇ ਨੰਬਰ ਤੇ ਹੀ ਹੋਵੇ । ੧੯੮੪ ਤੋਂ ਦਾਸ ਸੁਦੇਸ਼ ਨਹੀਂ ਪਰਤ ਸਕਿਆ।

ਗ਼ਰੀਬਾਂ ਨਿਤਾਣਿਆ ਦੇ ਸਹਾਇਕ, ਨਿਆਸਰਿਆਂ ਦੇ ਆਸਰੇ, ਕਦੇ ਸ਼ਕਤੀ ਸ਼ਾਲੀ ਰਾਜ-ਭਾਗ ਦੇ ਮਾਲਕ ਰਹਿ ਚੁੱਕੇ, ਖ਼ਾਲਸਾ ਜੀ ਦੇ ਬੇ-ਕਸੂਰ ਨੌਜਵਾਨਾ ਬੇਟੇ ਬੇਟੀਆਂ ਨੂੰ ਚੁਣ ਚੁਣ ਕੇ ਬੇਰਹਿਮੀ ਨਾਲ ਖ਼ਤਮ ਕੀਤੇ ਜਾਣ ਦੀਆਂ ਖ਼ਬਰਾਂ ਤੋਂ ਪੀੜਤ ਹੋਇਆ ਮਨ, ਦਸ-ਸਰੂਪੀ ਲਾਸਾਨੀ ਸਤਿਗੁਰੂ ਨਾਨਕ ਸਾਹਿਬ ਜੀ ਦੇ ਸੰਤ ਸੂਰਮੇ ਪੰਥ ਵਿਚ ਢਹਿੰਦੀਆਂ ਕਲਾਂ ਵਰਤਨੀਆਂ ਆਰੰਭ ਹੋਣ ਦੇ ਕਾਰਨਾਂ ਤੋਂ ਜਾਣੂ ਹੋਣ ਲਈ ਬੜਾ ਬੈਚੈਨ ਹੋ ਗਿਆ। ਬਚਪਨ ਤੋਂ ਹੀ, ਆਪਣੇ ਪਿੰਡ ਦੇ ਗ੍ਰੰਥੀ ਸਿੰਘ ਕੋਲੋਂ, ਸਿੱਖ ਪਰਚਾਰਕਾ ਰਾਗੀਆਂ ਅਤੇ ਖ਼ਾਸ ਤੌਰ ਤੇ ਢਾਡੀਆਂ ਕੋਲੋਂ, ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੁੜੇ ਇਹ ਬਚਨ ਸੁਣਦਾ ਆਇਆ ਸਾਂ- "ਜਬ **ਲਗ ਖ਼ਾਲਸਾ ਰਹੈ ਨਿਆਰਾ ਤਬ ਲਗ ਤੇਜ ਦੀਉ ਮੈ ਸਾਰਾ। ਜਬ ਇਹ ਗਹੈ ਬਿੱਪ੍ਰਨ ਕੀ ਰੀਤ ਮੈ ਨ ਕਰੋਂ ਇਨ ਕੀ ਪ੍ਰਤੀਤਿ ।**" ਇਹ ਬਿੱਪ੍ਰ ਕੌਣ ਹੈ ? ਫਿਰ ਉਸ ਦੀ ਉਹ ਰੀਤ ਕਿਹੜੀ ਹੈ ਜਿਸ ਦੇ ਧਾਰਨੀ ਹੋ ਜਾਣ ਖ਼ਾਲਸਾ ਜੀ ਨੇ ਸਤਿਗੁਰੂ ਜੀ ਲਈ ਬੇਪਰਤੀਤੇ ਬਣ ਜਾਣਾ ਸੀ ? ਇਸ ਸ਼ੰਕੇ ਦੀ ਨਿਵਿਰਤੀ ਕਿਥੋਂ ਹੋਵੇ ? ਬੜੇ ਹਥ ਪੈਰ ਮਾਰੇ ਪਰ ਕਿਤੋਂ ਕੁਝ ਪੱਲੇ ਨਾ ਪਿਆ। ਅਰਦਾਸ ਵਿਚ ਨਿਤ ਪੜ੍ਹੇ ਜਾਂਦੇ ਦੋਹੇ-**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ-** ਵਲ ਧਿਆਨ ਗਿਆ। ਸਾਰੇ ਮਸਲਿਆਂ ਦਾ ਹੱਲ ਸਤਿਗੁਰੂ ਗ੍ਰੰਥ ਸਹਿਬ ਕੋਲੋਂ ਹੀ ਕਿਉਂ ਨਾ ਪੁਛਿਆ ਜਾਵੇ ? ਪਰ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਜੀਵਨ ਦੇ ਸਾਰੇ ਮਸਲਿਆਂ ਦਾ ਹਲ ਪੁਛਣਾ ਗੁਰਬਾਣੀ ਦੇ ਗਿਆਨ ਨੂੰ ਚੰਗੀ ਤਰ੍ਹਾਂ ਸਮਝਣਾ ਬੁੱਝਣਾ ਸੀ। ਮਾਤਾ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਨੌਵੀਂ ਕਲਾਸ ਵਿਚ ਪੜ੍ਹਦੇ ਸਮੇ ਹੀ ਛਕਾ ਦਿਤਾ ਸੀ। ਹੁਣ ਜਦ ਆਪਾ ਸਤਿਗੁਰੂ ਜੀ ਦੇ ਗਿਆਨ ਨੂੰ ਸਮਰਪਨ ਕਰਨਾ ਪਿਆ ਤਾਂ ਸੁਰਤ ਆਈ ਕਿ, ਗੁਰਮਤਿ ਗਿਆਨ ਤੋਂ ਸਖਣੇ ਅੰਮ੍ਰਿਤ ਪਾਨ ਕਰਨਾ ਠੀਕ ਨਹੀਂ ਹੁੰਦਾ । ਹੋਈਆਂ ਭੁੱਲਾਂ ਬਾਰੇ ਪੰਜਾਂ ਪਿਆਰਿਆਂ ਤੋਂ ਡੰਨ ਲੁਆ ਕੇ ਦੋਬਾਰਾ ਖੰਡੇ ਬਾਟੇ ਦੀ ਪਾਹੁਲ ਅਪਣੀ ਜੀਵਨ ਸਾਥਨ ਸਮੇਤ ਛਕੀ।ਫਿਰ -**(ੳ)-** ਪਰਲੋਕ ਵਾਸੀ ਸਾਹਿਬ ਸਿੰਘ ਜੀ ਰਚਿਤ **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ੧੦ ਪੋਥੀਆਂ, ਗੁਰਬਾਣੀ ਵਿਆਕਰਣ, ਤੇ ਹੋਰ ਸਾਰੀਆਂ ਪੁਸਤਕਾਂ**। **(ਅ)-** ਡਾ:ਭਾਈ ਵੀਰ ਸਿੰਘ ਰਚਿਤ "**ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ (ਸਤੇ ਸੰਚੀਆਂ**), ਅਤੇ **(ੲ)** ਪ੍ਰੋਫ਼ੈਸਰ ਤੇਜਾ ਸਿੰਘ, **MA.** ਬਾਵਾ ਹਰਿਕ੍ਰਿਸ਼ਨ ਸਿੰਘ **MA** ਅਦਿ ਗੁਰਮੁਖਿ ਵਿਦਾਨਾਂ ਦਾ ਲਿਖਿਆ **ਅਤੇ SGPC ਵਲੋਂ ਪ੍ਰਕਾਸ਼ਤ "ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"** ਮੰਗਵਾ ਲਏ ਅਤੇ ਸਵੇਰੇ ੩ ਵਜੇ ਤੋਂ ਰਾਤ ਦੇ ੧੧ ਵਜੇ ਤਕ ਗੁਰੂ ਬਾਣੀ ਸਮਝ ਕੇ ਸਿਧਾਂਤ ਵਾਰ ਲਿਖੀ ਜਾਣਾ ਜੀਵਨ ਦਾ ਮਨੋਰਥ ਬਣਾ ਲਿਆ। ਬ੍ਰਾਹਮਣੀ ਰੀਤਾਂ ਦੀ ਅਸਲੀਅਤ ਸਮਝਣ ਲਈ ਪੰਜਾਬੀ ਉਲੱਥੇ ਵਾਲੇ ਹਿੰਦੂਆਂ ਦੇ ਸਾਰੇ ਗ੍ਰੰਥ ਮੰਗਵਾ ਕੇ ਪੜ੍ਹੇ ਅਤੇ ਕਈ ਸਾਲਾਂ ਦੀ ਸਖ਼ਤ ਮਿਹਨਤ ਤੋਂ ਸਤਿਗੁਰੂ ਨਾਨਕ ਸਾਹਿਬ ਜੀ ਦੀ ਮਿਹਰਾਂ ਹੋਈਆਂ ਅਤੇ -"**ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥{ਪੰਨਾ ੮੦}**" ਪ੍ਰਤੱਖ ਹੋ ਦਿੱਸਿਆ ਕਿ, ਖ਼ਾਲਸਾ ਜੀ ਕੇਵਲ ਬ੍ਰਾਹਮਣੀ ਰੀਤਾਂ ਦਾ ਧਾਰਨੀ ਹੀ ਨਹੀਂ ਹੋ ਚੁੱਕੇ ਸਗੋਂ ਇਹ ਤਾਂ ਬ੍ਰਾਹਮਣ ਦੀ ਝੋਲੀ ਵਿਚ ਹੀ ਜਾ ਪਏ ਹੋਏ ਹਨ। ਫਿਰ ਜਿਵੇ ਹਰ ਦਲੀਲ ਦੀ ਪੁਸ਼ਟੀ ਲਈ ਘਟੋ ਘਟ ਪੰਜ ਗੁਰੂ ਸ਼ਬਦਾਂ ਦੇ ਹਵਾਲੇ ਨਾਲ "ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ" ਪੁਸਤਕ-ਮਾਲਾ ਲਿਖਣੀ ਆਰੰਭ ਹੋਈ, ਉਸ ਦਾ ਵਿਸਥਾਰ ਨਾਲ ਵੇਰਵਾਂ ਪੁਸਤਕ-ਮਾਲਾ ਦੇ ਪਹਿਲੇ ਭਾਗ ਦੀ ਭੂਮਿਕਾ ਵਿਚ ਲਿਖਿਆ ਹੋਇਆ ਹੈ।

**ਸਨਮਾਨ ਯੋਗ ਵੇਦਾਂਤੀ ਜੀ ਵਿਰੁੱਧ ਕਰਮ ਵਾਰ ਵੇਰਵੇ ਸਹਿਤ, ਗੰਭੀਰ ਸ਼ਕਾਇਤ-ਨਾਮਾ:**

**1-** ਇਸ "ਦੋਸ਼ ਪੱਤਰ ਦਾ ਸੰਬੰਧ ਉਸ ਗੁਰਬਿਲਾਸ ਪਾਤਸ਼ਾਹੀ ੬ ਗ੍ਰੰਥ ਦੀ ਪੁਨਰ ਸੰਪਦਾਨਾ ਦੇ ਕਾਰਜ ਪ੍ਰਤੀ ਹੈ ਜਿਹੜਾ, ਕਿਸੇ ਗੁਮਨਾਮ ਲਿਖਾਰੀ ਨੇ ਸੰਮਤ ੧੭੧੮ ਵਿਚ ਲਿਖਿਆ ਸੀ । ਅਤੇ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ੪੦੦ ਸਾਲਾ ਜਨਮ ਦਿਵਸ ਤੇ ਜੂਨ ੧੯੯੮ ਨੂੰ **SGPC** ਦੀ ਮੋਹਰ ਹੇਠ ਪੰਥਕ ਤੌਰ ਦੇ **Release** ਕੀਤਾ ਗਿਆ ਸੀ। ਸਨਮਾਨ ਯੋਗ ਵੇਦਾਂਤੀ ਜੀ ਦੀ ਆਪਣੀ ਹੀ ਲਿਖਤ ਅਨੁਸਾਰ, ਪੁਰਾਤਨ ਕਾਲ ਤੋਂ ਹੀ ਸਿਖ ਜਗਤ ਵਿਚ ਹਰਮਨ ਪਿਆਰਾ ਬਣ ਚੁੱਕੇ ਗੁਰਮਤਿ ਵਿਰੋਧੀ ਇਸ ਗ੍ਰੰਥ ਦੀ ਕਥਾ ਦੋਬਾਰਾ ਗੁਰੂ ਘਰਾਂ ਵਿਚ ਸ਼ੁਰੂ ਕਰਵਾਉਂਣ ਦੀ ਲਾਲਸਾ ਗੁਸੇ ਮਨ ਨਾਲ, ਅਜੋਕੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੇ, ਉਸ ਸਮੇ ਹਰਿਮੰਦਰ ਸਹਿਬ ਵਿਖੇ ਸੀਨੀਅਰ ਗ੍ਰੰਥੀ ਹੋਣ ਦੇ ਧਾਰਮਿਕ ਰਸੂਖ਼ ਨੂੰ ਵਰਤਦਿਆਂ ਸ਼ਹੀਦ ਮਿਸ਼ਨਰੀ ਕਾਲਜ ਦੇ ਤਨਖ਼ਾਹਦਾਰ ਮੁਲਾਜ਼ਮ ਪ੍ਰੋ: ਅਮਰਜੀਤ ਸਿੰਘ ਜੀ ਨੂੰ ਆਪਣਾ ਸਹਾਇਕ ਲੈ ਲਿਆ ਅਤੇ ਗੁਰਬਿਲਾਸ ਪਾਤਸ਼ਾਹੀ ੬ ਗ੍ਰੰਥ ਦੀ ਪੁਨਰ ਸੰਪਾਦਨਾ ਦਾ (ਭੂਮਕਾਂ ਵਿਚ ਲਿਖੇ ਅਨੁਸਾਰ-) ਬੜਾ ਜੋਖਮ ਭਰਿਆ ਕਾਰਜ ਸ਼ੁਰੂ ਕਰ ਦਿੱਤਾ। ਹੈਰਾਨੀ ਹੈ ਕਿ ਗੁਰਮਤਿ-ਗਿਆਨ ਨੂੰ ਸਮਝ ਕੇ ਉਸ ਅਨਸਾਰ ਜੀਵਨ ਢਾਲ ਕੇ ਸੰਤ-ਸੂਰਮਾ ਬਣਨ ਦੀ ਲੋੜ ਮੁਕਾਉਣ ਦੀ ਯੋਜਨਾ ਅਧੀਨ, ਦਸ-ਸਰੂਪੀ ਅਨੂਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿਆਰੀ ਸਿੱਖੀ ਨੂੰ ਕਦੇ ਵੀ ਪੂਰਾ ਨਾ ਹੋ ਸਕਣ ਵਾਲੀ ਗੰਭੀਰ ਹਾਨੀ (**Irreparable damage**)ਪੁਚਾਉਣ ਵਾਲੇ ਇਸ ਕੁਕਾਰਜ ਵਿਚ ਉਸ ਸਮੇ ਦੇ ਜਥੇਦਾਰ ਗੁਰਚਰਨ ਸਿੰਘ ਜੀ ਪ੍ਰਧਾਨ **SGPC ਸ੍ਰੀ** ਟੌਹੜਾ ਜੀ ਦੀ ਅਜੇਹੀ ਭਾਈਵਾਲੀ ਆ ਬਣੀ ਕਿ, ਉਨ੍ਹਾਂ ਨੇ ਧਰਮ ਪਰਚਾਰ ਕਮੇਟੀ ਨੂੰ ਉਸ ਗ੍ਰੰਥ ਦੀ ਪ੍ਰਕਾਸ਼ਕ ਬਣਾਉਣ ਦੇ ਨਾਲ ਇਸ ਨੂੰ ਪੰਥਕ ਸਰਮਾਏ ਤੇ ਪੰਥ ਦੇ ਹੀ ਛਾਪੇ ਖ਼ਾਨੇ ਵਿਚ ਛਪਵਾਉਣ ਦੀ ਆਗਿਆ ਦੇ ਦਿੱਤੀ । ਸ਼ਾਇਦ ਇਸ ਵਿੱਚ ਜ਼ਰਾ ਵੀ ਅਤਿਕਥਨੀ ਨਾ ਹੋਵੇ ਕਿ, ਪੰਥ ਵਿਚ ਇਹ ਪਹਿਲਾ ਤੇ ਆਖ਼ਰੀ ਗ੍ਰੰਥ ਹੈ ਜਿਸ ਨੂੰ ਛਾਪੇ ਖ਼ਾਨੇ ਭੇਜਣ ਤੋਂ ਪਹਿਲਾਂ ਹੀ ਪੰਥ ਦੀਆਂ ਮਹਾਨ ਪ੍ਰਤਿਸ਼ਟਤ ਵਿਭੂਤੀਆਂ ਦੇ ਕਲਮਤੋੜ ਪ੍ਰਸ਼ੰਸਾ ਪਤੱਰਾਂ ਦੀ **Rampart** ਵਿਚ ਵਗਲ ਲਿਆ ਗਿਆ ਸੀ। ਉਨ੍ਹਾਂ ਸਿਰਮੌਰ, ਵਿਦਵਾਨਾ ਮਹਾਂਪੁਰਖ ਪਰਸੰਸਕਾਂ ਦੇ ਨਾਵਾਂ ਦਾ ਅਥਵਾ "ਸਿਰਲੇਖਾਂ" ਸਮੇਤ ਪਰਸੰਸਾ ਪੱਤਰਾਂ ਦਾ ਕਰਮਵਾਰ ਸੰਖੇਪ ਵੇਰਵਾ ਇਸ ਪ੍ਰਕਾਰ **ਹੈ**:

(੧) '**ਇਤਿਹਾਸਕ ਸੇਵਾ**", ਗੁਰੂ-ਪੰਥ ਦਾ ਦਾਸ, ਰਣਜੀਤ ਸਿੰਘ, ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

(੨) "**ਸੰਦੇਸ਼** ", ਗੁਰੂ ਪੰਥ ਦਾ ਦਾਸ, ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(੩) "**ਅਦੁਤੀ ਸੇਵਾ**", ਮਨਜੀਤ ਸਿੰਘ , ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ।

(੪) "**ਗੁਰਬਿਲਾਸ,** ਦਾ ਸ਼ੁੱਧ ਸਰੂਪ" ਗੁਰੂ ਪੰਥ ਦਾ ਦਾਸ, ਕੇਵਲ ਸਿੰਘ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ
(੫) "ਅਨੂਪਮ ਸੁਗਾਤ", ਗੁਰੂ ਪੰਥ ਦਾ ਦਾਸ, ਸੁਖਦੇਵ ਸਿੰਘ ਭੌਰਾ, ਐਕਟਿੰਗ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
(੬) "**ਸਾਹਿਤ ਤੇ ਸਮਾਜ**", ਮਨਜੀਤ ਸਿੰਘ ਕਲਕੱਤਾ, ਉਚੇਰੀ ਸਿਖਿਆ ਤੇ ਭਾਸ਼ਾ ਮੰਤਰੀ, ਪੰਜਾਬ।
(੭) "**ਦੋ ਸ਼ਬਦ**" ਗੁਰੂ ਪੰਥ ਦਾ ਦਾਸ, ਗਿਆਨੀ ਸੰਤ ਸਿੰਘ 'ਮਸਕੀਨ'
(੮) "ਚਮਤਕਾਰੀ ਵਿਆਖਿਆ", ਗੁਰੂ ਪੰਥ ਦਾ ਦਾਸ, ਜਸਵੰਤ ਸਿੰਘ ਕਥਾ-ਵਾਚਕ, ਗੁ:ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ
(੯) "**ਸ਼ਲਾਘਾਯੋਗ ਉੱਦਮ**" ਦਲੀਪ ਸਿੰਘ 'ਮਲੂਨੰਗਲ' ਸੀਨੀਅਰ ਮੀਤ ਪ੍ਰਧਾਨ (ਸ:) ਸ਼੍ਰੋ:ਗੁ:ਪ੍ਰ: ਕਮੇਟੀ।
(੧●) "**ਇਤਿਹਾਸਕ ਪੁਸਤਕਾਂ ਦੀ ਪ੍ਰਕਾਸ਼ਨਾ ਸੰਬੰਧੀ ਸਾਡੀ ਜ਼ਿੰਮੇਵਾਰ**", ਗੁਰੂ ਪੰਥ ਦਾ ਦਾਸ, ਜੋਗਿੰਦਰ ਸਿੰਘ ਤਲਵਾੜਾ।
(੧੧) '**ਚਾਰ ਸ਼ਬਦ**',ਨਰਿੰਦਰ ਸਿੰਘ ਸੋਚ-ਮਾਰਫ਼ਤ ਡ: ਹਰਭਜਨ ਸਿੰਘ ਸੋਚ, ਵਾਈਸ ਚਾਂਸਲਰ ਗੁਰੂਨਾਨਕ ਦੇਵ ਯੂਨੀਵਰਿਸਟੀ ਅੰਮ੍ਰਿਤ
(੧੨) "**ਗੁਰ ਬਿਲਾਸ ਦੇ ਸ਼ੁੱਧ ਸਰੂਪ ਦਾ ਸਵਾਗਤ**" ਗਿਆਨੀ ਬਲਵੰਤ ਸਿੰਘ 'ਕੋਠਾ ਗੁਰੂ' ਜ਼ਿਲ੍ਹਾ ਬਠਿੰਡਾ।
ਤੇ ਦੋ ਸੰਪਾਦਿਕ ਡਾ ਅਮਰਜੀਤ ਸਿੰਘ ਪ੍ਰੋਫ਼ੈਸਰ ਸ਼ਹੀਦ ਮਿਸ਼ਨਰੀ ਕਾਲਜ ਅਤੇ ਸਨਮਾਨੇ ਸਤਿਕਾਰੇ ਹੋਏ ਉਸ ਸਮੇ ਦੇ ਸੀਨੀਅਰ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਜੀ, **ਇਨ੍ਹਾਂ ੧੪ ਰਤਨਾਂ** ਵਲੋਂ ਤਿਆਰ ਹੋ ਕੇ ਸਿਰਮੋਰ ਜਥੇਦਾਰੀ ਵਲੋਂ **SGPC ਦੀ** ਪੰਥਕ ਮੋਹਰ ਹੇਠ ਇਸ ਬਦਸ਼ਗਨੇ ਗ੍ਰੰਥ ਨੂੰ ਸਿਖ ਪੰਥ ਵਿਚ ਵਰਤਾਉਣਾ ਆਰੰਭ ਕਰ ਦਿੱਤਾ।

**2**- ਗੁਰਮਤਿ ਦੇ ਗਿਆਤਾ ਇਕ ਸੁਹਿਰਦ ਗੁਰਸਿਖ ਨੇ ਉਸ ਗੁਰਬਿਲਾਸ ਦੀ ਇਕ ਕਾਪੀ ਦਾਸ ਕੋਲ ਪੁਜਦੀ ਕਰਦਿਆਂ, ਘਬਰਾਹਟ ਗ੍ਰਸੀ ਸੁਰ ਵਿਚ ਇਹ ਵੀ ਆਖਿਆ ਕਿ, ਸਿਰਮੋਰ ਜਥੇਦਾਰੀ ਦੇ ਪ੍ਰਸੰਸਾਂ ਪੱਤਰਾਂ ਨਾਲ ਸ਼ਿੰਗਾਰੀ ਇਹ ਪੁਸਤਕ ਇਸ ਹੱਦ ਤਾਂਈ ਗੁਰਮਤਿ ਵਿਰੋਧੀ ਹੈ ਕਿ,"**ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ**" ਪੁਸਤਕ ਮਾਲਾ ਲਿਖ ਲਿਖ ਪੰਥ ਨੂੰ ਬਿਪ੍ਰੀ ਰੀਤਾ ਵਿਚੋ ਕੱਢਣ ਵਾਲੀ ਤੁਹਾਡੀ ਸਾਰੀ ਘਾਲਣਾ ਤੇ ਪਾਣੀ ਫਿਰ ਗਿਆ ਸਮਝੋ। ਗੁਰਮੁਖ ਸਜਣ ਪਿਆਰੇ ਕੋਲੋਂ ਪੁੱਜੇ ਉਸ ਗ੍ਰੰਥ ਦੀ ਅਸਲੀਅਤ ਨੂੰ ਸਮਝਣ ਲਈ ਦਾਸ ਨੇ ਰਾਤ ਦਿਨ ਇਕ ਕਰ ਦਿਤਾ। ਮਨਮੋਣੀ ਸ਼ਬਦਾਵਲੀ ਵਿਚ ਬੜੀਆਂ ਸੁਆਦੀਆਂ ਕਥਾ ਕਹਾਣੀਆਂ ਰੂਪ ਬੜੀ ਸਖ਼ਤ ਪੰਥ ਘਾਤਕ ਸਮਗਰੀ ਦੇ ਮਾਰੂ ਅਸਰਾਂ ਦੇ ਅਨੁਭਵ ਤੋ ਘਾਬਰੇ ਹੋਏ ਦਾਸ ਨੇ ਸਿਰਮੋਰ ਜਥੇਦਾਰੀ ਵਲ ਵਿਸਥਾਰ ਪੂਰਬਕ ਪੱਤਰ ਲਿਖਿਆ। ਜਦ ਕੋਈ ਉੱਤਰ ਨਾ ਆਇਆ ਤਾਂ ਗ੍ਰੰਥ ਦੇ ਗੁਰਮਤਿ ਵਿਰੋਧੀ ਪ੍ਰੰਸਗਾਂ ਵਿਚੋਂ ਚੁਣਵੇਂ ਪ੍ਰਸੰਗਾਂ ਵਾਲਾ ਲੇਖ ਲਿਖ ਇਸ ਸਿਰਲੇਖ-"**ਮੁਠਾ ਆਪਿ ਮੁਹਾਏ ਸਾਥੈ**-ਨਾਲ ਅਖ਼ਬਾਰਾਂ ਅਤੇ ਮਾਸਕ ਪੱਤਰਾਂ ਵਲ ਭੇਜ ਦਿਤਾ। ਪਰ ਬੇਲਗਾਮੇ-ਅਧਿਕਾਰਾਂ ਵਾਲੀ ਸਿਰਮੋਰ ਜਥੇਦਾਰੀ ਦੇ ਭੈ ਤੋਂ ਲਗ ਪਗ ਸਾਰੇ ਪਤਰਕਾਰਾਂ ਨੇ ਦੜ ਵੱਟ ਲਈ। ਆਖ਼ਰ ਚੰਡੀਗੜ੍ਹੋਂ ਛਪਦੇ ਸਪੋਕਸ ਮੈਨ ਦੇ ਐਡੀਟਰ ਸ: ਜੋਗਿੰਦਰ ਸਿੰਘ ਦੇ ਪੰਥਕ ਪਿਆਰ ਵਿਚ ਭਿੱਜੇ ਖ਼ੂਨ ਨੇ ਉਬਾਲਾ ਖਾਧਾ ਤੇ ਉਨ੍ਹਾਂ ਨੇ ਦਾਸ ਦਾ ਉਹ ਲੇਖ ਛਾਪ ਦਿੱਤਾ। ਹਰ ਪਾਸੇ ਹਾਹਾਕਾਰ ਮਚਨੀ ਹੀ ਸੀ। ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨੇ ਦਾਸ ਨਾਲ ਟੈਲੀਫੋਨ ਤੇ ਸੰਪਰਕ ਕੀਤਾ ਤੇ ਚਾਰ ਦਿਨਾਂ ਵਿਚ ਦਾਸ ਦੀ ਗਲ ਵੇਦਾਂਤੀ ਜੀ ਨਾਲ ਕਰਵਾ ਕੇ ਮਾਮਲਾ ਠੱਪਣ ਦਾ ਰਾਹ ਲਭਣ ਲਈ ਬਚਨ ਲੈ ਲਿਆ । ਪਰ ਚੌਹਾਂ ਦਿਨਾਂ ਵਿਚ ਦਾਸ ਦੇ ਵਿਰੁੱਧ ਧੂਏ ਧਾਰ ਬਿਆਨ ਬਾਜ਼ੀ, ਜਾਨੀ ਨੁਕਸਾਨ ਪੁਚਾਉਣ ਦੀਆਂ ਧਮਕੀਆਂ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਬੈਠਿਆਂ ਵਲੋਂ ਦਾਸ ਨੂੰ ਪਾਗ਼ਲ ਵੀ ਘੋਸ਼ਤ ਕੀਤਾ ਜਾਣ ਦੀ ਖ਼ਬਰਾਂ ਵੀ ਛਪੀਆਂ ਪੜ ਕੇ ਹੈਰਾਨ ਰਹਿ ਗਿਆ। ਮਾਨੋ ਨਿਮਾਣੇ ਸੇਵਕ ਦਾਸਰੇ ਤੇ ਜਿਵੇਂ ਬੜਾ ਭਾਰੀ ਮਾਰੂ ਤੂਫ਼ਾਨ ਚੜ੍ਹ ਆਇਆ ਹੋਵੇ ? ਪਰ- "**ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥**{੧੯੨}-**ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥ ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥** {੬੯੪} ਗੁਰੂ ਫ਼ੁਰਮਾਨਾਂ ਤੇ ਅਟੱਲ ਵਿਸ਼ਵਾਸ਼ ਵਾਲੇ ਨੂੰ ਕਿਸੇ ਮਨੁੱਖ ਦੀਆਂ ਧਮਕੀਆਂ ਕੀ ਆਖਣ ?

**3**- ਸ਼ਾਇਦ ਸੰਪਾਦਨਾਂ ਵਾਲਾ ਕੁਕਾਰਜ ਕਰਨ ਦੇ ਇਨਾਮ ਵਜੋਂ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਨੂੰ ਗ੍ਰੰਥੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਡਾ: ਅਮਰਜੀਤ ਸਿੰਘ ਜੀ ਨੂੰ ਬੜੀ ਉਚੇਚਤਾ ਨਾਲ ਗੁਰੂ ਕਾਂਸੀ ਸਿਖ ਵਿਦਿਆਲੇ ਤਲਵੰਡੀ ਸਾਬੋ ਦੇ ਪ੍ਰਿੰਸੀਪਲ ਨਿਯੁਕਤ ਕਰ ਦਿਤਾ ਹੋਇਆ ਸੀ। ਵੇਦਾਂਤੀ ਜੀ ਆਪ ਤਾਂ ਚੁੱਪ, ਕੇਵਲ ਤਾਰਾਂ ਹੀ ਹਿਲਾ ਰਹੇ ਸਨ। ਪ੍ਰੋਫ਼ੈਸਰੀ ਤੋਂ ਪ੍ਰਿੰਸੀਪਲ ਬਣੇ ਡਾ: ਅਮਰਜੀਤ ਸਿੰਘ ਜੀ ਨੇ ਦਾਸ ਝੂਠੀਆਂ ਅਤੇ ਗੁਰਮਤਿ ਵਿਰੋਧੀ ਲਿਖਤਾਂ ਭੇਜ ਭੇਜ ਕੁਝ ਅਖ਼ਬਾਰਾ ਅਤੇ ਮਾਸਕ ਪੱਤਰਾਂ ਰਾਹੀ ਦਾਸ ਦਾ ਭੰਡੀ ਪਰਚਾਰ ਕਰਨ ਵਿਚ ਰੁੱਝ ਗਿਆ। ਸਤੰਬਰ ੧੮ ੨●●● ਨੂੰ ੮ ਸਫ਼ਿਆਂ ਵਾਲੀ, ਜੂਨ ੧੯. ੨●●● ਦੋ ਸਫ਼ਿਆਂ ਦੀ, **ਅਕਤੂਬਰ ੨੩ ੨●●●** ਨੂੰ ੧੨ ਸਫ਼ਿਆਂ ਦੀਆਂ ਕਰਮ ਵਾਰ ਚਿਠੀਆਂ ਵਿਚ ਗੁਰਬਾਣੀ ਦੇ ਅਕੱਟ ਪਰਮਾਣ ਸਹਿਤ ਗੁਰਬਿਲਾਸ ਵਿਚਲੇ ਦੁਖਦਾਈ ਹਦ ਗੁਰਮਤਿ ਵਿਰੋਧੀ ਪ੍ਰਸੰਗਾਂ ਦੇ ਹਵਾਲੇ ਲਿਖ ਭੇਜੇ ਜੋ ਕਈ ਅਖ਼ਬਾਰਾਂ ਦੇ ਨਾਲ ਸਪੋਕਸਮੈਨ ਵਿਚ ਬੜੀ ਉਚੇਚਤਾ ਨਾਲ ਛਪੇ। ਫਿਰ ਕਈ ਹੋਰ ਗੁਰਮੁਖ ਪਿਆਰੇ ਵੀ ਡਾ: ਅਮਰਜੀਤ ਸਿੰਘ ਦੀਆਂ ਬੇਅਸੂਲੀਆਂ ਦੇ ਵਿਰੁੱਧ ਲਿਖਣ ਲਗ ਪਏ ਤਾਂ ਉਹ ਕੁਝ ਮਠੇ ਪਏ।

**4-** ਗੁਰਬਿਲਾਸ ਗ੍ਰੰਥ ਦੀ ਭੂਮਿਕਾ ਤੋ ਪਹਿਲੇ, ਪ੨ਵੇਂ ਸਫ਼ੇ ਦੀਆਂ ਅੰਤਲੀਆਂ ਦੋ ਸਤਰਾਂ - "**ਜੇਕਰ ਇਸ ਗ੍ਰੰਥ ਦੀ ਗੁਰਦੁਆਰਿਆਂ ਵਿਚ ਮੁੜ ਕਥਾ ਆਰੰਭ ਹੋ ਸਕੇ ਤਾਂ ਅਸੀਂ ਸਮਝਾਂਗੇ ਕਿ ਕੀਤਾ ਕਾਰਜ ਸਾਰਥਕ ਹੋ ਨਿਬੜਿਆ**" (ਹਸਤਾਖਰ ਗਿ: ਜੋਗਿੰਦਰ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ).. ਤੋਂ ਸਿੱਧ ਹੈ ਕਿ ਵੇਦਾਂਤੀ ਜੀ ਦਾ '**ਅਸਲ ਟੀਚਾ**' ਇਸ ਗ੍ਰੰਥ ਨੂੰ ਧਾਰਮਿਕ ਦਰਜਾ ਦਿਵਾ ਕੇ ਉਸ ਦੀ ਕਥਾ **ਹਰਿਮੰਦਰ ਸਾਹਿਬ ਸਮੇਤ ਸਾਰੇ ਗੁਰਦੁਆਰਿਆਂ ਵਿਚ ਸ਼ੁਰੂ ਕਰਵਾਉਣ ਦਾ ਹੀ ਸੀ**। ਏਸੇ ਮੰਤਵ ਲਈ ਉਨ੍ਹਾਂ ਨੇ (ਕਥਿਤ ਤੌਰ ਤੇ) ਚੰਗੇ ਤੋਂ ਚੰਗੇ ਸਤਿਕਾਰ ਵਾਲੀਆਂ ਹਸਤੀਆਂ ਕੋਲੋਂ ਪਰਸੰਸਾ ਪੱਤਰ ਪਰਾਪਤ ਕਰਨ ਲਈ **ਅਯੋਗ ਢੰਗ** (10-11-2000 ਨੂੰ ਲਿਖੀ ਪ੍ਰੋ: ਮਨਜੀਤ ਸਿੰਘ ਜੀ ਦੀ ਚਿੱਠੀ ਪੈਰਾ-**7**- ) ਵਰਤਣੋ ਵੀ ਸੰਗ ਨਾ ਸੀ ਮੰਨੀ। ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਹੈ ਕਿ, ਜੇ ਗੁਰਦੁਅਰਿਆਂ ਵਿਚ ਇਸ ਗ੍ਰੰਥ ਦੀ ਕਥਾ ਦੋਬਾਰਾ ਸ਼ੁਰੂ ਹੋ ਜਾਂਦੀ ਤਾਂ ਖਾਲਸਾ ਜੀ ਦੀ ਬਚੀ ਖੁਚੀ ਨੁਹਾਰ ਨੇ ਵੀ ਅਲੋਪ ਹੋ ਜਾਣਾ ਸੀ। ਭਾਵ, **ਦਸ ਸਰੂਪੀ ਸਤਿਗੁਰੂ ਨਾਨਕ ਸਾਹਿਬ** ਜੀ ਨੇ ੨੩੯ ਸਾਲ ਕੁਰਬਾਨੀਆਂ ਭਰੀਆਂ ਬੜੀਆਂ ਕਰੜੀਆਂ ਘਾਲਣਾ ਘਾਲੀਆਂ ਸਨ ਉਨ੍ਹਾਂ ਨੂੰ ਖੇਹ ਵਿਚ ਰਲਾ ਦੇਣ ਦਾ ਯਤਨ ?।

**5**- ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਹੋਰ ਵੀ ਵਧ ਹੋਛੇ ਹਥਿਆਰਾਂ ਤੇ ਉੱਤਰ ਆਏ। ਸਫ਼ਾਈ ਦਾ ਮੌਕਾ ਤਾਂ ਕੀ ਦੇਣਾ ਸੀ ਦਾਸ ਨੂੰ ਸੂਚਤ ਤਕ ਨਾ ਕੀਤਾ ਅਤੇ ਟਰਬੀਊਨ ਅਖ਼ਬਾਰ ਦੇ ਨਾਲ **ਸੰਨ ੨000 ਦੇ ਨਵੰਬਰ ਮਹੀਨੇ ਦੇ ਸਪੋਕਸਮੈਨ ਦੇ ੭ ਸਫ਼ੇ ਦੀ ਮੋਟੀ ਸੁਰਖ਼ੀ-ਪੰਜ ਸਿੰਘ ਸਾਹਿਬਾਨ ਨੇ ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਹੋਰ ਲਿਖਣ ਤੋਂ ਰੋਕ ਦਿੱਤਾ" ਲਿਖਿਆ ਪੜ੍ਹ ਕੇ ਦਾਸ ਨੇ ਰੋਸ ਮਈ ਪੱਤਰ ਲਿਖਿਆ ਪਰ ਸਿੰਘ ਸਾਹਿਬਾਨ ਸਦਾ ਵਾਂਗ ਚੁੱਪ। {ਨੋਟ-ਤੀਸਰਾ ਸਾਲ ਪੂਰਾ ਹੋਣ ਨੂੰ ਆਇਆ ਹੈ, ਵੇਦਾਂਤੀ ਜੀ ਦੇ ਦਫ਼ਤਰੀ ਰੀਕਾਰਡ ਵਿਚ ਉਹ ਹੁਕਮ ਜਿਉਂ ਦਾ ਤਿਉਂ-ਦਾਸ ਦੀ ਪੁਸਤਕਾਂ ਦੀ ਵਿੱਕਰੀ ਰੋਕਣੀਆਂ ਜਾ ਪੁਸਤਕਾਂ ਸਾੜਨੀਆਂ ਰੂਪ) ਆਪਣੇ ਰੰਗ ਵਿਖਾਈ ਜਾ ਰਿਹਾ ਹੈ}**

**6**- ਝੂਠ ਤੋਂ ਸਚੁ ਵਲਨੂੰ ਮੋੜਾ ਦਿਵਾ ਕੇ ਸਿੱਖ ਜਗਤ ਦੀਆਂ ਮੁੜ ਉਹੀ ਚੜ੍ਹਤਾਂ ਵੇਖਣ ਦੀਆਂ ਸੱਧਰਾਂ ਨਾਲ ਸੀਸ ਨੂੰ ਤਲੀ ਤੇ ਧਰ ਕੇ ਸਚੁ ਲਿਖਣ ਦੇ ਪਰਣ ਨਾਲ ਤੁਰੇ ਦਾਸ ਨੇ ਵੇਦਾਂਤੀ ਜੀ ਅਤੇ ਦੂਜੇ ਜਥੇਦਾਰ ਪ੍ਰੋ: ਮਨਜੀਤ ਸਿੰਘ ਜੀ ਵਲ ਗ੍ਰੰਥ ਵਿਚਲੇ ਹੋਰ ਤੋਂ ਹੋਰ ਗੁਰਮਤਿ ਵਿਰੋਧੀ ਭਾਣਿਆਂ ਦੇ ਵੇਰਵੇ ਲਿਖ ਲਿਖ ਭੇਜਣੇ ਬੰਦ ਨਾ ਕੀਤੇ। ਮਿਤੀ ੨੯ ਅਕਤੂਬਰ ੨●●● ਨੂੰ ਪ੍ਰੋ: ਮਨਜੀਤ ਸਿੰਘ ਜੀ ਅਤੇ ਡਾ ਆਮਰਜੀਤ ਸਿੰਘ ਜੀ ਵਲ ਲਿਖੇ ਖੁਲ੍ਹੇ ਪੱਤਰ ਵਿਚ, ਉਨ੍ਹਾਂ ਦੇ ਲਿਖੇ ਪ੍ਰਸੰਸਾ ਪੱਤਰਾਂ ਦੇ ਉਤਾਰੇ ਦੇ ਨਾਲ ਗੁਰਬਿਲਾਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਜਿਵੇ ਦੁਖਦਾਈ ਜਦ ਤਕ ਵਿਗਾੜ ਕੇ ਲਿਖਿਆ ਹੋਇਆ ਹੈ ਉਸ ਦਾ ਪੂਰਾ ਵੇਰਵਾ ਵੀ ਲਿਖ ਭੇਜਣ ਦੇ ਨਾਲ ਇਹ ਬਚਨ....."**ਗੁਰਬਿਲਾਸ ਪਾਤਸ਼ਾਹੀ ੬ ਪੁਸਤਕ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਵਾਲੀ ਜੋ ਸੇਵਾ ਸਤਿਗੁਰਾਂ ਨੇ ਅਰੰਭ ਕਰਵਾਈ ਹੈ ਉਹ ਕਿਸੇ ਵੀ ਵੈਰੀਆਂ ਵਾਲੀ ਕਾਰਵਾਈ ਤੋਂ ਅਥਵਾ ਤਬਾਹ ਕਰ ਦੇਣ ਦੀਆਂ ਧਮਕੀਆਂ ਤੋਂ ਰੁਕ ਨਹੀਂ ਸਕੇਗੀ । ਦਾਸ ਦੀ ਜਾਨ ਤੇ ਹੋਏ ਕਿਸੇ ਵੀ ਭਾਵੀ ਹਮਲੇ ਦੇ ਜ਼ਿਮੇਵਾਰਾਂ ਵਿਰੁੱਧ ਨਿੱਗਰ ਕਾਨੂੰਨੀ ਕਾਰਵਾਈ** ਹੋਰ ਕਰਨ ਜੋਗ ਸਬੂਤ ਤਿਆਰ ਹੋਈ ਜਾ ਰਹੇ ਹਨ। ਇਹ ਪੱਤਰ ਵੀ ਦਾਸ ਦਾ ਵਸੀਹਤ **ਨਾਮੇ (Will) ਦਾ ਕੰਮ ਦੇਵੇਗਾ, ਕਿ, ਮੇਰੀ ਜਾਨ ਦਾ ਵੈਰੀ ਉਹੀ ਗਰੁੱਪ ਹੈ ਜਿਨ੍ਹਾਂ ਦੇ**

**ਗੁਰਮਤਿ ਵਿਰੋਧੀ ਕਾਰਿਆਂ ਨੂੰ ਦਾਸ ਨੰਗਾ ਕਰ ਰਿਹਾ ਹੈ ਅਤੇ ਜਿਸ ਦੇ ਮੋਢੀ ਤੁਸੀਂ ਅਥਵਾ ਵੇਦਾਂਤੀ ਜੀ ਅਤੇ ਗੁਰਚਰਨਜੀਤ ਸਿੰਘ ਲਾਂਬਾ ਜੀ ਬਣੇ ਹੋਏ ਹੋ......**

**7**- ਇਸ ਚਿੱਠੀ ਦੇ ਉੱਤਰ ਵਿੱਚ ਸਿੰਘ ਸਾਹਿਬ ਮਨਜੀਤ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਸਾਖ਼ਸ਼ੀ ਮੰਨ ਦੇ ਸਚੇ ਹੋਣ ਦਾ ਭਰੋਸਾ ਦਿਵਾਉਂਦਿਆਂ ਆਪਣੇ ਦੋ ਸਫ਼ਿਆਂ ਦੇ ਪੱਤਰ ਵਿਚ ਸਪਸ਼ਟ ਕਰ ਦਿੱਤਾ ਕਿ, "**ਉਨ੍ਹਾਂ ਦੇ ਥਾਂ ਪ੍ਰਸੰਸਾ ਪਤਰ ਵੇਦਾਂਤੀ ਜੀ ਨੇ ਆਪ ਹੀ ਲਿਖ ਕੇ ਪੁਸਤਕ ਨਾਲ ਜੜ ਲਿਆ ਸੀ।**" ਦਾਸ ਨੇ ਉਸ ਚਿੱਠੀ ਦਾ ਫੋਟੋ ਉਤਾਰਾ ਮਿਤੀ ਦਸਬੰਰ ੨੮ ੨●●● ਨੂੰ ਸਤਿਕਾਰ ਯੋਗ ਵੇਦਾਂਤੀ ਜੀ ਦੀ ਸੇਵਾ ਵਿਚ ਲਿਖੀ ਚਿੱਠੀ ਦੇ ਨਾਲ ਨਥੀ ਕਰ ਭੇਜਿਆ । ਨਾਲ ਇਹ ਕੁਝ ਵੀ ਲਿਖ ਘੱਲਿਆ (ੳ)-**ਸਿੰਘ ਸਾਹਿਬ ਮਨਜੀਤ ਸਿੰਘ ਜੀ ਦੇ ਲਿਖਤੀ Solmenly Delared Stament- ਭਾਵ, ਲਿਖਤੀ ਹਲਫ਼ੀਆ ਗਵਾਹੀ ਤੋਂ, ਸਿਧ ਹੈ ਕਿ ਤੁਸੀ ਧਾਰਮਿਕ ਸੇਵਾ ਤੇ ਹੁੰਦਿਆਂ ਅਯੋਗ ਵਿਹਾਰ ਕਰਨ ਦੇ ਦੋਸ਼ੀ ਹੋ। ਭਾਰਤੀ ਡੰਡਾਵਲੀ ਅਨੁਸਾਰ ਤੁਸੀ Impersonation Offence ਕੀਤਾ ਹੈ । ਫਿਰ** ਤੁਸੀਂ ਇਸ ਦੋਸ਼ ਤੋਂ ਕਿਵੇਂ ਮੁਕਤ ਹੋ ਸਕਦੇ ਹੋ, ਕਿ. ਇਸ ਗੁਰਬਿਲਾਸ ਪਾਤਸ਼ਾਹੀ ਗ੍ਰੰਥ ਦੀ ਸੰਨ ੧੯੯੭ ਵਾਲੀ ਪੱਥਰ ਛਾਪ ਤੁਸਾਂ ਇਸ ਨਿਯੱਤ ਨਾਲ ਸਾਂਭੀ ਹੋਈ ਸੀ, ਕਿ, ਮੌਕਾ ਮਿਲਦਿਆ ਹੀ ਗੁਰਮਤਿ ਦਾ ਘਾਤ ਕਰ ਰਹੀ ਇਸ ਸਮੱਗਰੀ ਨੂੰ ਪੰਥਕ ਤੌਰ ਤੇ ਸਨਮਾਨਤ ਕਰਵਾ ਕੇ ਪੰਥ ਲਈ ਸਤਿਕਾਰਯੋਗ, ਹਵਾਲਾ ਪੁਸਤਕ ਬਣਾ ਦਿੱਤਾ ਜਾਵੇ ਤਾਂ ਜੋ ਇਕ ਦਿੱਨ ਗੁਰੂ ਪੰਥ ਮੁੜ ਉਸੇ ਹੀ ਬ੍ਰਾਹਮਣੀ ਕੁਫ਼ਰ-ਸੜਾਂਦ ਦਾ ਪੁਜਾਰੀ ਬਣ ਜਾਵੇ, ਜਿੱਥੋਂ ਸਤਿਗੁਰੂ ਨਾਨਕ ਸਾਹਿਬ ਜੀ ਨੇ ੧● ਜਾਮਿਆਂ ਦੇ ਲੰਮੇ ਸਮੇ ਦੀ ਅਨੁਪਮ ਕੁਰਬਾਨੀਆਂ ਭਰਪੂਰ, ਕਰੜੀ ਘਾਲਣਾ ਨਾਲ, ਸਾਨੂੰ ਸੰਸਾਰ ਵਿਚ ਸੰਤ ਸੂਰਮੇ ਦੇ ਰੂਪ ਵਿਚ ਪ੍ਰਗਟ ਕੀਤਾ ਸੀ ? (ਅ)- ਤੇ ਜੇ ਇਹ ਦੋਸ਼ ਵੀ ਮੜ੍ਹ ਦਿੱਤਾ ਗਿਆ ਕਿ ਇਸ ਕਾਰਜ ਲਈ ਤੁਸਾਂ **RSS** ਤੋਂ ਅਥਵਾ ਪੰਥ ਵਿਰੋਧੀ ਹਿੰਦੂ ਸਰਕਾਰ ਤੋਂ ਬੜੀ ਮੋਟੀ ਰਕਮ ਲਈ ਸੀ, ਤਾਂ ਤੁਹਾਡਾ ਉੱਤਰ ਕੀ ਹੋਵੇਗਾ ਜੀ? ਸਿੰਘ ਸਾਹਿਬ ਕੇਵਲ ਸਿੰਘ ਜੀ ਵੀ ਕਹਿ ਰਹੇ ਸਨ ਕਿ ਉਨ੍ਹਾਂ ਦੇ ਨਾਮਣੇ ਨਾਲ ਮੜ੍ਹਿਆ ਪਰਸੰਸਾ ਪੱਤਰ ਵੀ ਉਨ੍ਹਾਂ ਨੇ ਨਹੀਂ ਲਿਖਿਆ। ਭਾਈ ਰਣਜੀਤ ਸਿੰਘ ਨੇ ਵੀ ਪ੍ਰਸੰਸਾ ਪਤਰ ਲਿਖਣ ਦੀ ਸਚਾਈ ਤੋਂ ਸਿਰ ਫੇਰ ਲਿਆ। ਤੇ ਗੁਰਬਿਲਾਸ ਨੂੰ ਧਾਰਮਕ ਦਰਜਾ ਦਿਵਾ ਕੇ ਉਸ ਦੀ ਹਰ ਥਾਂ ਚਲਦੀ ਕਥਾ ਵੇਖਣ ਲਈ ਹਿਰਦੇ ਦੀਆਂ ਪੁਕਾਰਾਂ ਦਾ ੫੨ ਸਫ਼ੇ ਵਾਲਾ ਲਿਖਤੀ ਸਬੂਤ ? ਇਸ ਸਭ ਕੁਝ ਤੋਂ, ਵੇਦਾਂਤੀ ਜੀ ਆਪਣੇ ਸਾਥੀਆਂ ਸਮੇਤ ਨਿਰਸੰਦੇਹ ਘਬਰਾ ਗਏ ਤਾਂ....

**8**- ਅਖ਼ਬਾਰਾਂ ਰਾਹੀਂ ਅਚਾਨਕ ਆ ਪੁੱਜੀ ਇਹ ਖ਼ਬਰ- AMRITSAR Jan. 6 - The Shiromani Gurdwara Parbandhak Committee has stopped the sale of controversial book "Gur Bilas Patshahi 6", edited by Giani Joginder Singh Vedanti, Jathedar Akal Takht and an eminent Sikh scholar Dr. Amarjit Singh. ਸਰੋਤ ਅਨੁਸਾਰ ਬਿਨਾ ਕੋਈ ਮਤਾ ਪਾਸ ਕੀਤਿਆਂ ਗੁਰਬਿਲਾਸ ਨੂੰ ਵਾਪਸ ਲੈਣ ਦਾ ਫੋਕਾ ਡਰਾਮਾ ? ਜਥੇਦਾਰੀ ਵਿਰੁੱਧ ਰੌਲਾ ਪਾ ਰਹਿਆਂ ਦਾ ਮੂੰਹ ਬੰਦ ਹੋ ਗਿਆ ਮੰਨ ਕੇ, (ਪੰਥ ਦੇ ਵਾਰਸਾਂ ਦੇ ਨਾਮ ਖੁਲ੍ਹੀ ਚਿਠੀ ਵਿਚਲੇ ਆਪਣੇ ਬਚਨਾਂ ਅਨੁਸਾਰ) ਵੇਦਾਂਤੀ ਜੀ ਨੇ ਜਥੇਦਾਰ ਤੋਂ "**ਪੋਪ**" ਬਣਨ ਦੇ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ, (ਪਰ ਪੰਜਾਬੀ ਯੁਨੀਵਰਿਸਟੀ ਵਲੋਂ ਉਸੇ ਗ੍ਰੰਥ ਨੂੰ ਆਪਣੀ ਛਾਪ ਹੇਠ ਸਿਖ ਜਗਤ ਵਿਚ ਨਿਰੰਤਰ ਪੁਚਾਈ ਜਾਣ ਤੇ ਕੋਈ ਰੋਕ ਨਾ ਲਾਉਣ ਤੋਂ, ਸਨਮਾਨਯੋਗ ਵੇਦਾਂਤੀ ਜੀ ਦੀ ਦੁਰੰਗੀ ਨੀਯਤ ਪ੍ਰਤੀ ਗੁਰਦੇਵ ਜੀ ਦਾ ਇਹ ਪਾਵਨ ਫੁਰਮਾਨ-"ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ " ਲਾਗੂ ਹੁੰਦਾ ਸਿਧ ਹੈ। ਮਨ ਦੀ ਕਚਿਆਈ ਮਨੁੱਖ ਨੂੰ ਕਹਿਣੀ ਕਰਣੀ ਦਾ ਸੂਰਾ ਕਦੇ ਨਹੀਂ ਰਹਿਣ ਦਿੰਦੀ।

**9**- ਟਰਬੀਊਨ ਅਖ਼ਬਾਰ ਦੀ ਉਪਰੋਕਤ ਖ਼ਬਰ ਵਿਚਲੇ ਇਹ ਬਚਨ -Giani Joginder Singh Vedanti has also confirmed that sale of the book had been stopped **for the time being after** it was discussed by other Sikh high priests. he however said that the objections **raised by some Sikh intellectuals were unsavory** as he himself had pointed out that there were **certain distorted historical facts which needed to be researched as per the Sikh maryada.** The Jathedar said Gur Bilas Patshahi 6 **was a significant historical book**-ਸਿੱਧ ਕਰਦੇ ਹਨ ਕਿ, ਕੇਵਲ ਸਮਾ ਟਪਾਉਨ ਵਾਸਤੇ ਹੀ ਗ੍ਰੰਥ ਨੂੰ ਵਾਪਸ ਲੈਣ ਦਾ ਵਿਖਾਵਾ ਕੀਤਾ ਗਿਆ ਹੈ। ਵੇਦਾਂਤੀ ਜੀ ਦੇ ਉਪਰੋਕਤ ਲਕੀਰ ਵਾਲੇ ਬਚਨ ਮੂਲੋਂ ਹੀ ਭੁਲੇਖਾ ਪਾਊ ਅਥਵਾ ਸਚਾਈ ਦੇ ਉਲਟ ਹਨ। ਕਿਉਂਕਿ ਦਾਸ ਨੇ ਆਪਣੀਆਂ ਚਿਠੀਆਂ ਰਾਹੀਂ ਬੜੇ ਕਰੜੇ ਸ਼ਬਦਾਂ ਵਿਚ ਚਨੌਤੀ ਦੁਹਰਾਈ ਪਰ ਪੁਸਤਕ ਦੇ (ਸੂਚੀ ਪੱਤਰ ਅਨੁਸਾਰ) ਸੈਂਕੜੇ ਪ੍ਰਸੰਗਾਂ ਵਿਚੋਂ ਸਿੰਘ ਸਾਹਿਬਾਨ ਗੁਰਬਿਲਾਸ ਦੇ ਕਿਸੇ ਇਕ ਵੀ ਅਜੇਹੇ ਪ੍ਰਸੰਗ ਦੀ ਦਸ ਨਹੀਂ ਪਾ ਸਕੇ ਜੋ ਸਾਰਿਆਂ ਪੱਖਾਂ ਤੋਂ ਗੁਰੂ ਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ। ਸੋ ਇਸ ਸਚਾਈ ਨੂੰ ਵੀ ਸਿੰਘ ਸਾਹਿਬਾਨ ਝੁਠਲਾ ਨਹੀ ਸਕੇ ਕਿ, ਇਹ ਗ੍ਰੰਥ ਲਿਖਿਆ ਹੀ ਇਸ ਮੰਤਵ ਨਾਲ ਸੀ ਕਿ, ਸਿਖਾਂ ਨੂੰ ਬ੍ਰਾਹਮਣੀ ਕਰਮ ਕਾਂਡ ਨਾਲ ਅਜੇਹੀ ਵਿਧੀ ਨਾਲ ਜੋੜਿਆ ਜਾਵੇ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਅਨੁਸਾਰ ਜੀਵਨ ਬਣਾਉਣ ਦੀ ਗਲ ਨੂੰ ਸਤਿਗੁਰੂ ਜੀ ਦੀ ਬੇਅਦਬੀ ਮੰਨਣ ਲਗ ਪੈਣ।

**10**-ਗੁਰਬਿਲਾਸ ਗ੍ਰੰਥ ਵਿਚੋਂ ਕੇਵਲ ਵੰਨਗੀ ਮਾਤਰ ਗੁਰਮਤਿ ਵਿਰੋਧੀ ਉਦਾਹਰਣਾ-

**(੧) ਛੇਵੇਂ ਪਾਤਸ਼ਾਹ ਦਾ ਜਨਮ ਕਿ, ਖ਼ਾਲਸਾ ਜੀ ਦੀ ਅਣਖ ਦਾ ਭੋਗ ?** ਪੰਚਮ ਪਾਤਸ਼ਾਹ ਜੀ ਦਾ ਸਾਰੀ ਮਨੁੱਖਤਾ ਲਈ ਤਾਂ ਇਹ ਉਪਦੇਸ਼ ਹੈ:-"**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥{ਸੁਖਮਨੀ}**" ਅਥਵਾ " **ਸੁਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥ ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ॥੧॥**"{ਸਾਰੰ ਮ:੫-੧੨੧੪} ਪਰ ਅਸਾਂ ਉਨ੍ਹਾਂ ਦੇ ਅਜੇਹੇ ਕਈ ਬਚਨਾ ਦੇ ਵਿਰੁੱਧ, ਪੰਚਮ ਪਾਤਸ਼ਾਹ ਜੀ ਨੂੰ ਆਪਣੇ ਮਹਲ (ਮਾਤਾ) ਗੰਗਾ ਜੀ ਨੂੰ ਪੁੱਤਰ ਪ੍ਰਾਪਤੀ ਲਈ ਬਾਬਾ ਬੁੱਢਾ ਜੀ ਕੋਲ ਭੇਜਿਆ ਮੰਨ ਲਿਆ।ਅਖੇ, ਪਹਿਲੀ ਵਾਰੀ ਸਰਾਪ ਲੈ ਆਏ ਸਨ ਤੇ ਦੂਜੀ ਵਾਰ ਪੰਚਮ ਪਾਤਸ਼ਾਹ ਜੀ ਦੇ ਸਮਝਾਉਣ ਤੇ ਜਦ ਮਾਤਾ ਗੰਗਾ ਜੀ ਆਟਾ ਪੀਸ ਕੇ, ਮਿੱਸੇ ਪ੍ਰਸ਼ਾਦੇ, ਲੱਸੀ ਮੱਖਣ ਤੇ ਗੰਡੇ ਲੈ ਕੇ ਬੀੜ ਸਾਹਿਬ ੧੨ ਮੀਲ ਨੰਗੇ ਪੈਰੀਂ (ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥(੪੬੭) ਗੁਰੂ ਫ਼ੁਰਮਾਨ ਦੀ ਉਲੰਙਣਾ ?।) ਪੈਦਲ ਤੁਰਦੇ ਗਏ, ਤਾਂ ਬਾਬਾ ਬੁਢਾ ਜੀ ਨੇ ਪ੍ਰਸੰਨ ਹੋ ਕੇ, ਇਹ ਵਰ ਦਿੱਤਾ- (ੳ) ਬੜਾ ਬਲੀ ਪੁੱਤਰ ਜਨਮੇਗਾ, ਨਾਮ ਹਰਿਗੋਬਿੰਦ ਹੋਵੇਗਾ, ਮੀਰੀ ਪੀਰੀ ਦੀਆਂ ਦੋ ਕਿਰਪਾਨਾ ਪਾਵੇਗਾ, ਅਕਾਲ ਤਖ਼ਤ ਬਣਾਏਗਾ, ਮਲੇਛਾਂ ਨੂੰ ਮਾਰ ਕੇ ਧਰਤੀ ਦਾ ਭਾਰ ਹੌਲਾ ਕਰੇਗਾ। (ਅ) ਵਰ ਦੇਣ ਦੀ ਢਿਲ ਸੀ ਕਿ ਮਾਤਾ ਜੀ ਦੇ ਉਦਰ ਵਿਚ ਪਵਨ ਦੇਵਤਾ ਪ੍ਰਵੇਸ਼ ਕਰ ਗਿਆ, ਪੇਟ ਫੁਲ ਗਿਆ । ਬੀੜ ਤੋਂ ਗ੍ਰਭਵਤੀ ਹੋ ਕੇ ਜਦ ਮਾਤਾ ਜੀ ਘਰ ਪੁਜੇ ਤਾਂ ਗ੍ਰਭਵਤੀ ਵੇਖ ਕੇ ਪੰਚਮ ਪਾਤਸਾਹ ਜੀ ਨੇ ਖ਼ੁਸ਼ੀ ਵਿਚ ਧੰਨ ਦੀ ਅਜੇਹੀ ਬਰਖਾ ਕੀਤੀ ਕਿ ਕਿਰਤੀਆਂ ਦੀ ਗ਼ਰੀਬੀ ਦੂਰ ਹੋ ਗਈ। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਗੁਰੂ-ਪਿਤਾ ਜੀ ਦੀ ਬਿੰਦੀ ਸੰਤਾਨ ਨਹੀਂ ਸਨ।-'**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥**' ਅਰਥਾਂ ਵਾਲੇ ਗੁਰੂ ਬਾਣੀ ਵਿਚ ਹੋਰ ਕਈ ਗੁਰੂ ਸ਼ਬਦਾਂ ਦੀ ਖੰਡਨਾਂ । ਭਾਵ, ਲਿਖਾਰੀ ਲਲਕਾਰ ਕੇ ਕਹਿ ਰਿਹਾ ਹੈ ਕਿ ਅਣਖੀ ਬਣੇ ਫਿਰਦੇ ਪੰਜਾਬੀ ਖ਼ਾਲਸਾ ਜੀ ਤੁਹਾਡੇ ਗੁਰੂ ਦੀ ਪਤਨੀ (ਬਾਹਰੇ ਗ੍ਰਭਵਤੀ ਹੋ ਕੇ ਆਈ ਤਾਂ ਸੋਗ ਮਨਾਉਂਧ ਦੇ ਥਾਂ ਸਗੋਂ ਖ਼ੁਸ਼ੀਆਂ ?)
{ਕੁੰਡਲੀਆਂ ੧੪੫, ਅਧਿਆਏ ੧}

(੨) **ਪ੍ਰਿਥੀ ਚੰਦ** ਦਾ ਭੇਜਿਆ ਬ੍ਰਾਹਮਣ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਕੋਠੇ ਤੇ ਲੈ ਜਾ ਕੇ ਜ਼ਹਿਰ ਰਲਿਆ ਦਹੀਂ ਖੁਆਲਣ ਦਾ ਯਤਨ ਕਰਦਾ ਤਾਂ ਸਾਹਿਬਜ਼ਾਦਾ ਜੀ ਚੀਕਾਂ ਮਾਰਦੇ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਸਿਖ ਦੁਆਰਾ ਹੇਠਾਂ ਮੰਗਵਾ ਲਏ । ਤਸੱਲੀ ਲਈ ਦਹੀਂ ਕੁੱਤੇ ਨੂੰ ਖੁਆਲਣਾ ਚਾਹਿਆ। ਸਤਿਗੁਰੂ ਜੀ ਨੇ ਘਰ ਦੇ ਕੁੱਤੇ ਨੂੰ ਵਾਜ ਮਾਰੀ-"ਉਏ ਪਿਸਤਿਆ- "ਹੁਕਮ ਕਰੋ ਗੁਰੂ ਜੀ" ਆਹ ਦਹੀਂ ਤਾਂ ਖਾਈਂ ! "ਮੈ ਕਿਉਂ ਖਾਵਾਂ ਜੀ? " ਸਾਹਿਬਜ਼ਾਦਾ ਨਹੀਂ ਖਾ ਰਿਹਾ। 'ਉਹ ਤਾਂ ਸਿਆਣੇ ਹਨ. ਜ਼ਹਿਰ ਵਾਲਾ ਦਹੀਂ ਕਿਉਂ ਖਾਣ ?' - "ਚਲ ਤੂ ਹੀ ਖਾ ਲੈ"। "ਮੈ ਮਰ ਕੇ ਤੁਹਾਡੇ ਚਰਨਾਂ ਤੋਂ ਵਿਛੜਨਾ ਨਹੀਂ ਚਾਹੁੰਦਾ"। "ਤੂੰ ਚਲ ਮੈ ਵੀ ਉਥੇ ਹੀ ਆ ਜਾਣਾ ਹੈ।" ਭਾਵ:-," ਹੇ ਮੂਰਖ ਸਿਖੋ (ੳ) ਕੁੱਤੇ ਅਤੇ ਬਾਲਕ ਨੂੰ ਤਾਂ ਪਤਾ ਸੀ ਕਿ ਦਹੀਂ ਵਿਚ ਜ਼ਹਿਰ ਹੈ ਪਰ ਪੰਚਮ ਸਤਿਗੁਰੂ ਜੀ ਨੂੰ ਕੁੱਤੇ ਦੀ ਜਾਨ ਲਏ ਬਿਨਾ ਤਸੱਲੀ ਨਾ ਸੀ ਹੋ ਰਹੀ ? (ਅ) ਤੁਹਾਡੇ ਗੁਰੂ ਜੀ ਵੀ ਸ਼ਹੀਦੀ ਪਾ ਕੇ ਉਥੇ ਹੀ ਗਏ ਸਨ ਜਿਥੇ ਉਨ੍ਹਾਂ ਦਾ ਕੁੱਤਾ ਗਿਆ ਸੀ ? ਲਿਖਾਰੀ ਨੇ ਅਜੇਹਾ ਕਈ ਕੁਝ ਲਿਖਿਆ ਪਰ ਵੇਦਾਂਤੀ ਜੀ ਸਮੇਤ ਢਾਈ ਕ੍ਰੋੜ ਸੰਖਿਆਂ ਵਾਲਿਆਂ ਸਾਡੇ ਵਿਚੋਂ ਕਿੰਨਿਆਂ ਕੁ ਨੇ ਇਤਰਾਜ਼ ਕੀਤਾ ? ਇਸ ਦਾਸਰੇ ਦਾ ਸਾਥ ਵੀ ਗਿਣੇ ਮਿਥੇ ਗੁਰਸਿੱਖ ਹੀ ਦੇ ਰਹੇ ਹਨ।

**(੩) ਬੀਬੀ ਕੌਲਾਂ ਦੇ ਅਗਵਾ ਕਰਨ ਦਾ ਦੋਸ਼?** ਗਵਾਲੀਅਰ ਦੇ ਕਿਲ੍ਹੇ ਵਿਚੋਂ ਛੇਵੇਂ ਪਾਤਸ਼ਾਹ ਜੀ ਨੂੰ ਮੰਗਵਾ ਕੇ, ਦਿੱਲੀ ਦਾ ਤਾਜਦਾਰ ਜਹਾਂਗੀਰ, ਕਸ਼ਮੀਰ ਨੂੰ ਜਾਂਦਾ ਹੋਇਆ ਸਤਿਗੁਰਾਂ ਦਾ ਡੇਰਾ ਲਾਹੌਰ ਵਿਚ ਕਿਸੇ ਢੁਕਵੀਂ ਥਾਂਵੇਂ ਕਰਾ ਗਿਆ। ਕਾਬਲੋਂ ਆਏ ਇਕ ਸਿੱਖ ਨੇ ਸਤਿਗੁਰੂ ਜੀ ਕੋਲ ਸ਼ਿਕਾਇਤ ਕੀਤੀ, ਕਿ, ਉਸ ਨੇ ਸਤਿਗੁਰਾਂ ਲਈ ਰੂਮ ਦੇਸ਼ ਵਿਚੋਂ ਇੱਕ ਲੱਖ ਰੁਪਯੇ ਦਾ ਬੜਾ ਵਧੀਆ ਘੋੜਾ ਖ਼ਰੀਦਿਆ ਸੀ, ਜਿਸ ਨੂੰ ਸ਼ਾਹਜਹਾਨ ਨੇ

ਰਸਤੇ ਵਿਚੋਂ ਹੀ ਖੋਹ ਲਿਆ ਹੈ। ਸਤਿਗੁਰੂ ਜੀ ਨੇ ਕਿਹਾ-'ਜੇ ਸਾਡਾ ਹੋਇਆ ਤਾਂ ਆਪੇ ਸਾਡੇ ਕੋਲ ਆ ਜਾਵੇਗਾ'। ਉਧਰ ਘੋੜੇ ਨੇ ਦਾਣਾ ਪਾਣੀ ਤਿਆਗ ਦਿੱਤਾ ਅਤੇ ਬਿਮਾਰ ਹੋ ਕੇ ਇਕ ਲੱਤੋਂ ਲੰਗੜਾ ਹੋ ਗਿਆ। ਕਥਿਤ ਤੌਰ ਤੇ ਲਾਹੌਰ ਠਹਿਰੇ ਹੋਏ ਸ਼ਾਹ ਜਹਾਨ ਨੇ ਨਿਕੰਮਾ ਜਾਣ ਕੇ ਘੋੜਾ ਕਾਜ਼ੀ ਰੁਸਤਮਖਾਂ ਨੂੰ ਦੇ ਦਿੱਤਾ। ਆਪਣੇ ਘਰ ਨੂੰ ਲਈ ਆਉਂਦੇ ਕਾਜ਼ੀ ਨੂੰ ਵੀਹ ਹਜ਼ਾਰ ਰੁਪੱਯੇ ਦੇਣੇ ਕਰਕੇ, ਸਤਿਗੁਰੂ ਜੀ ਨੇ ਘੋੜਾ ਲੈ ਲਿਆ। ਸਤਿਗੁਰੂ ਜੀ ਦਾ ਹੱਥ ਲੱਗਦਿਆਂ ਹੀ ਘੋੜਾ ਪਹਿਲਾਂ ਵਾਂਗ ਨਵਾਂ ਨਿਰੋਆ ਹੋ ਗਿਆ।

ਕਈਆਂ ਦਿਨਾਂ ਤੋਂ ਉਸੇ ਥਾਂ ਨੂੰ ਭਾਗ ਲਾ ਰਹੇ ਸਤਿਗੁਰੂ ਜੀ ਨੇ, ਐਨ ਘੋੜਾ ਲੈਣ ਵਾਲੇ ਉਸੇ ਦਿਨ ਹੀ, ਬਾਰੀ ਵਿਚ ਬੈਠੀ  ਚੰਦ ਨਾਲੋਂ ਹੁਸੀਨ ਕਾਜ਼ੀ ਦੀ ਲੜਕੀ, ਕੌਲਾਂ ਜੀ ਨੂੰ ਵੇਖ ਲਿਆ, ਤੇ (ਸੰਪਾਦਕ ਮਹਾਂ ਪੁਰਖਾਂ ਦੇ ਅਨੁਸਾਰ) ਸਤਿਗੁਰੂ ਜੀ ਨੇ ਆਖਿਆ " **ਤੈਨੂੰ ਵੇਖ ਕੇ, ਪ੍ਰਭੂ ਦੇ ਗੁਣ ਗਾ ਰਹੀ ਸੰਗਤਿ ਦਾ ਮਨ ਗੁਮਰਾਹ ਹੁੰਦਾ ਹੈ, ਦਰਵਾਜ਼ਾ ਬੰਦ ਕਰ ਲੈ** " ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪ੍ਰਭੂ ਦੇ ਗੁਣ ਗਾਉਂਦੀ ਸੰਗਤ ਜੇ ਕਿਸੇ ਦੀ ਬੇਟੀ ਨੂੰ ਵੇਖ ਕੇ ਡੋਲ ਸਕਦੀ ਸੀ ਤਾਂ, ਸਤਿਗੁਰੂ ਜੀ ਦੇ ਇਸ ਗੁਰੂ-ਸ਼ਬਦ ਦਾ ਅਰਥ ਕੀ ਰਹਿੰਦਾ ?--"**ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਨ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥**"

ਅਗਲੇ ਦਿੱਨ ਕਾਜ਼ੀ ਘੋੜੇ ਦੇ ਪੈਸੇ ਲੈਣ ਆਇਆ ਤਾਂ ਸਤਿਗੁਰੂ ਜੀ ਨੇ ਥੁਹੜੇ ਦਿਨ ਹੋਰ ਅਟਕਣ ਲਈ ਕਹਿ ਦਿੱਤਾ। ਦੋ ਚਾਰ ਦਿਨਾ ਮਗਰੋਂ ਪੈਸੇ ਲੈਣ ਕਾਜ਼ੀ ਫੇਰ ਆਇਆ। ਹੁਣ, ਤਕਰਾਰ ਹੋ ਪਈ। ਕਾਜ਼ੀ ਨੇ ਗ਼ੁੱਸੇ ਵਿਚ ਕਹਿ ਦਿੱਤਾ ਕਿ, ਉਹ ਜਵਾਈਆਂ ਵਾਂਗ ਵੀ ਪੈਸੇ ਲੈ ਸਕਦਾ ਹੈ। ਅਗੋਂ ਸਤਿਗੁਰੂ ਜੀ ਨੇ ਅਖਿਆ **ਥੋਹੁੜੇ ਦਿਨ ਠਹਿਰ ਜਾ ਵੇਖ ਲਵੀਂ' ਜਵਾਈ ਕੌਣ ਬਣਦਾ ਹੈ** ? {ਅਧਿਆਇ ੮ ਚਪਈ ੯੯●} (ਲਿਖਾਰੀ, ਜਾਣ ਬੁੱਝ ਕੇ ਅਜੇਹੀਆਂ ਗੱਲਾਂ ਸਤਿਗੁਰੂ ਜੀ ਦੇ ਪਾਵਨ ਨਾਮਣੇ ਨਾਲ ਜੋੜ ਰਿਹਾ ਹੈ, ਜਿਨ੍ਹਾਂ ਤੋਂ ਅਣਖੀ ਖ਼ਾਲਸਾ ਇਹ ਕਹਿਣ ਜੋਗਾ ਨਾ ਰਹੇ ਕਿ, ਉਨ੍ਹਾਂ ਦੇ ਸਤਿਗੁਰੂ ਜੀ, **ਸਚੁ** ਦੇ ਅਵਤਾਰ **ਸਚੁ** ਦੇ ਢੰਡੋਰਚੀ, ਨਿਰੋਲ **ਸਚੁ** ਹੀ **ਸਚੁ** ਸਨ।)

ਕਸ਼ਮੀਰੋਂ ਜਹਾਂਗੀਰ ਦੀ ਮੌਤ ਦੀ ਖ਼ਬਰ ਆਉਣ ਦੀ ਢਿੱਲ ਸੀ, ਕਿ, ਸਤਿਗੁਰੂ ਜੀ ਨੇ ਭਾਈ ਜੇਠਾ ਜੀ ਆਦਿ ਚਾਰ ਪੰਜ ਇਤਬਾਰੀ ਸਿੱਖ ਰੱਖ ਲਏ, ਬਾਕੀਆਂ ਨੂੰ ਝੱਟ-ਪੱਟ ਅੰਮ੍ਰਿਤਸਰ ਪੁੱਜਣ ਲਈ ਤੋਰ ਦਿੱਤਾ। ਜਦ ਪਹਿਰ ਰਾਤ ਬੀਤ ਗਈ ਤਾਂ ਘੋੜੇ ਤੇ ਕਾਠੀ ਪੁਆ ਕੇ ਸਤਿਗੁਰੂ ਜੀ, ਕਾਜ਼ੀ ਦੇ ਘਰ ਦੀ ਉਸੇ ਬਾਰੀ ਹੇਠ ਘੋੜਾ ਲੈ ਗਏ, ਜਿਥੇ ਕੌਲਾਂ ਜੀ ਅੱਗੇ ਹੀ ਤਿਆਰ ਬੈਠੇ ਸਨ। (ਹਕੂਮਤ ਦੇ ਕਾਜ਼ੀ ਦੀ ੧੯ ਸਾਲ ਦੀ ਅਲ੍ਹੜ, ਕੁਆਰੀ) ਬਾਲੜੀ ਨੂੰ ਬਾਂਹੋਂ ਫੜਿਆ ਤੇ ਆਪਣੇ ਪਿੱਛੇ ਘੋੜੇ ਤੇ ਬਿਠਾ ਲਿਆ। ਅੰਮ੍ਰਿਤਸਰ ਪੁੱਜ ਕੇ ਕੌਲਾਂ ਜੀ ਲਈ ਅੱਡਰਾ ਘਰ ਸਿਰਜ ਕੇ ਉਸ ਵਿਚ ਖੂਹੀ ਵੀ ਲੁਆ ਦਿੱਤੀ।

(ਉਨ੍ਹਾਂ ਦਿਨਾ ਵਿਚ ਨਵਾਂ ਘਰ ਬਣਾ ਕੇ ਉਸ ਵਿਚ ਖੂਹੀ ਲਾਉਣ ਲਈ ਘਟ ਤੋਂ ਘੱਟ ਛੇ ਮਹੀਨੇ ਸਹਿਜ ਹੀ ਲੱਗ ਜਾਂਦੇ ਸਨ। ਹੈਰਾਨੀ ਹੈ ਕਿ,ਆਪਣੀ ਲੜਕੀ ਵਾਸਤੇ ਤਾਂ ਕੋਈ ਪੜਤਾਲ ਨਾ ਕਰਵਾਈ ਪਰ) ਕਾਜ਼ੀ, ਘੋੜੇ ਦੇ ਪੈਸੇ ਲੈਣ ਲਈ ਅੰਮ੍ਰਿਤਸਰ ਆ ਪੁੱਜਾ । ਸ਼ਿਕਾਰ ਤੋਂ ਮੁੜਦੇ ਸਤਿਗੁਰੂ ਜੀ ਨੂੰ ਰਸਤੇ ਵਿਚ ਹੀ ਜਾ ਮਿਲਿਆ। ਸਤਿਗੁਰੂ ਜੀ ਪੈਸੇ ਦੇਣ ਲਈ ਕੌਲਾਂ ਜੀ ਵਾਲੇ ਘਰ ਹੀ ਲੈ ਗਏ। ਕੌਲਾਂ ਜੀ ਥੈਲੀਆਂ ਲੈ ਕੇ ਆਏ ਤਾਂ ਗੁਰੂ ਜੀ ਨੇ ਕਾਜ਼ੀ ਵਲ ਇਸ਼ਾਰਾ ਕਰਕੇ ਆਖਿਆ ਕਿ, ਉਸ ਨੂੰ ਫੜਾ ਦੇਵੇ। ਘਰੋਂ ਨੱਸ ਕੇ ਆਈ ਆਪਣੀ ਕੁਆਰੀ ਧੀ, ਗੁਰੂ ਜੀ ਦੇ ਹੀ ਘਰ ਵੇਖੀ ਤਾਂ, ਕਾਜ਼ੀ ਨੂੰ ਸ਼ਰਮ ਨਾਲ ਧਰਤੀ ਵਿਹਲ ਨਾ ਦੇਵੇ। ਭਾਵ, ਗੁਰੂ ਜੀ, ਕਾਜ਼ੀ ਨੂੰ ਘਰ ਲਿਆਏ ਹੀ ਇਸ ਲਈ ਸਨ, ਕਿ, ਕਾਜ਼ੀ ਆਪਣੀ ਅੱਖੀਂ ਵੇਖ ਲਵੇ ਕਿ, ਜਵਾਈ ਕੌਣ ਬਣਿਆ ਹੈ ? (ਵਡੇ ਪੈਸ਼ਾਵਰ ਅਪਰਾਧੀਆਂ ਵਾਲੇ ਕੁਕਰਮ ਗੁਰਦੇਵ ਜੀ ਦੇ ਮੱਥੇ ਮੜ੍ਹੇ ਜਾ ਰਹੇ ਹਨ ਫਿਰ-" **ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ**।" ਮੌਕਾ ਬਣਨ ਤੇ, ਸਾਰੀ ਕੌਮ ਨੂੰ ਜਰਾਇਮ-ਪੇਸ਼ਾ ਸਿੱਧ ਕਰਨ ਦਾ ਮਾਨੋ ਨੀਂਹ ਪੱਥਰ ?

ਕਾਜ਼ੀ ਨੇ ਪੈਸੇ ਤਾਂ ਕੀ ਲੈਣੇ ਸਨ, ਰੋਂਦਾ ਪਿੱਟਦਾ ਲਾਹੌਰ ਪੁੱਜਾ। ਸ਼ਾਹ ਜਹਾਨ ਕੋਲ ਫ਼ਰਿਆਦ ਕੀਤੀ ਕਿ, ਉਸ ਦੀ ਕੁਆਰੀ ਬੇਟੀ ਹਿੰਦੂ ਕਾਫ਼ਰਾਂ ਦੇ ਪੀਰ ਨੇ ਅਗ਼ਵਾ ਕਰ ਰੱਖੀ ਹੈ। ਦਰਬਾਰ ਵਿਚ ਲਿਖਾਰੀ ਦੀ ਝੂਠ-ਕਹਾਣੀ ਦਾ ਪਾਤਰ, ਕੋਈ ਖਾਂਵ-ਜ਼ੀਰ ਬੈਠਾ ਸੀ। ਉਸ ਨੇ ਸ਼ਾਹਜਹਾਨ ਨੂੰ ਆਖਿਆ" ਇਸ ਕਾਜ਼ੀ ਦੀ ਕੁੜੀ ੧੯ ਸਾਲ ਦੀ ਹੋ ਗਈ ਸੀ ਪਰ ਅਜੇ ਇਸ ਨੇ ਵਿਆਹੀ ਨਹੀਂ ਸੀ। ਕਾਮਾਤੁਰ ਹੋਈ ਖੱਜਲ ਹੁੰਦੀ ਫਿਰਦੀ ਕਿਤੇ ਸੁਧਾਸਰ ਜਾ ਵੜੀ। ਗੁਰੂ ਜੀ ਨੇ ਅੱਡਰਾ ਘਰ ਬਣਾ ਕੇ ਵਧੀਆ ਆਸਰਾ ਦਿੱਤਾ ਹੈ। ਕਿਸ ਮੂੰਹ ਨਾਲ ਕਹਾਂਗੇ ਕੇ ਸਾਡੇ ਕਾਜ਼ੀ ਦੀ ਧੀ ਉਧਲ ਗਈ ਹੈ ? ਚੁੱਪ ਰਹਿਣਾ ਹੀ ਠੀਕ ਹੈ ? { ਸਾਡੀ ਮੂਰਖਤਾਈ ਦੀ ਸਿੱਖ਼ਰ ਵੇਖੋ ! ਅਸਾਂ ਸਭ ਸਚੁ ਮੰਨ ਲਿਆ। ਇਹ ਨਾ ਵਿਚਾਰਿਆ ਕਿ, ਤੌਜ਼ਕੇ ਜਹਾਂਗੀਰੀ ਵਿਚ ਗੁਰੂ ਘਰ ਨੂੰ ਝੂਠ ਦੀ ਦੁਕਾਨ ਲਿਖਣ ਵਾਲੇ ਜਿਸ ਜਹਾਂਗੀਰ ਨੇ ਅਜੇ ਕੱਲ ਹੀ ਬਿਨਾ ਕਿਸੇ ਅਦਾਲਤੀ ਸੁਣਵਾਈ ਦੇ, ਹਿੰਦੂ ਮੁਸਲਮਾਨਾ ਵਿਚ ਸਤਿਕਾਰੇ ਜਾ ਰਹੇ, ਸਚੁ ਦੇ ਅਵਤਾਰ, ਪੰਚਮ ਪਾਤਸ਼ਾਹ ਜੀ ਨੂੰ ਬਿਨਾ ਕਿਸੇ ਦੋਸ਼ ਦੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਅਤੇ ਛੱਟਮ ਪੀਰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਨਜ਼ਰਬੰਦ ਕਰਨ ਲੱਗਿਆਂ ਢਿੱਲ ਨਹੀਂ ਸੀ ਲਾਈ, ਉਸੇ ਮੁਗ਼ਲ ਰਾਜ ਵਿਚ ਜੇ ਵਾਕਿਆ ਹੀ, ਕਾਜ਼ੀ ਦੀ ਲੜਕੀ ਕਿਸੇ ਵੀ ਸ਼ਕਲ ਵਿਚ, ਸਤਿਗੁਰੂ ਜੀ ਨੇ ਸ਼ਰਨ ਵਿਚ ਲੈ ਲਈ  ਹੁੰਦੀ ਤਾਂ, ਖੰਭਾ ਦੇ ਉਡਾਰ ਬਣਾ ਰਹੇ ਸਿੱਖੀ ਦੇ ਵਿਰੋਧੀਆਂ ਨੇ, ਮੱਕੇ ਮਦੀਨੇ ਤੱਕ ਹਾਹਾ ਕਾਰ ਮਚਵਾ ਦੇਣੀ ਸੀ। " ਇੱਕ ਸੱਚੇ ਮੋਮਨ ਹਾਕਮ ਦੀ ਨਾਬਾਲਗ਼ ਬੱਚੀ ਦਾ ਅਗ਼ਵਾ ਕਾਫ਼ਰਾਂ ਦੇ ਪੀਰ ਨੇ ਕਰ ਲਿਆ ? " ਅਜੇਹਾ ਤੂਫ਼ਾਨੀ ਜਹਾਦ ਭੜਕ ਉੱਠਦਾ ਕਿ, ਸਿੱਖੀ ਦਾ ਖੁਰਾ ਖੋਜ ਮਿਟ ਜਾਂਦਾ। ਗੁਰਸਿੱਖੀ ਦੀ ਹਰ ਮੈਦਾਨ ਫ਼ਤਹਿ, ਅਸਲ ਵਿਚ ਸਦਾ 'ਸਚੁ' ਦੀ ਹੀ ਹੋਇਆ ਕਰਦੀ ਸੀ। ਝੂਠ-ਰਲੇ ਦੀ ਲੇਸ ਮਾਤਰ ਵੀ ਸਾਡੀ ਤਬਾਹੀ ਦਾ ਕਾਰਨ ਬਣ ਜਾਂਦੀ}

{ਕੁਟਲ ਲਿਖਾਰੀ ਨੇ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਕਿ, ਕੇਵਲ ੧੯ ਸਾਲ ਦੀ ਬੀਬੀ ਕੌਲਾਂ, ਕਿਸੇ ਪ੍ਰਕਾਰ ਨਾਲ ਵੀ ਧਾਰਮਿਕ ਰੁਚੀ ਵਾਲੀ ਨਹੀਂ ਸੀ। ਸਗੋਂ ਕਾਮ ਅਗਨੀ ਦੀ ਸਤਾਈ ਹੋਈ ਉਹ ਇਕ ਆਵਾਰਾ ਕੁੜੀ ਸੀ ਅਤੇ ਉਚੇਚੇ ਤੌਰ ਤੇ ਉਸਦੀ ਉਮਰ ੧੫ ਸਾਲ ਲਿਖ ਕੇ ਇਹ ਸਮਝਾ ਦਿਤਾ ਕੀ ਸਿਖਾਂ ਦੇ ਗੁਰੂ ਨੇ ਨਾਬਾਲਗ਼ ਅਲ੍ਹੜ ਕੁੜੀ ਨੂੰ ਵਰਗ਼ਲਾ ਲਿਆ ਸੀ।

**(੪)ਗੁਰੂ ਹਰਿਗੋਬਿੰਦਾ ਸਾਹਿਬ ਜੀ ਦੀ ਸੰਤਾਨ ਵੀ ਗੁਰਮਤਿ ਵਿਰੋਧੀ ਗ਼ੈਰ ਕੁਦਰਤੀ ਤਮਾਸ਼ਾ ?**

ਪਾਵਨ ਪਵਿਤਰ ਸਾਡੇ ਮਾਤਾ ਗੰਗਾ ਜੀ ਨੂੰ ਬਾਬਾ ਬੁਢਾ ਜੀ ਦੇ ਵਰ ਤੋਂ ਗ੍ਰਭਵਤੀ ਹੋਏ ਮਾਤਾ ਜੀ ਤੋਂ ਜਨਮੇ ਚਤੁਰਭੁਜੀ ਰਬ ਜੀ ਨੂੰ ਦਰਸਾ ਲੈਣ ਉਪਰੰਤ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਿਆ (ਕਥਿਤ ੩) ਮਹਿਲਾਵਾਂ ਵੀ ਗ੍ਰਿਹਸਤੀ ਜੀਵਨ ਵਾਲੇ ਕੁਦਰਤੀ ਨਿਯੱਮ ਅਨੁਸਾਰ ਨਹੀਂ, ਸਗੋਂ ਮੰਤਰਿਆ ਹੋਇਆ ਕਾਗ਼ਜ਼ ਦਾ ਟੁਕੜਾ ਚੂਸਨ ਨਾਲ ਗ੍ਰਭਵਤੀ ਹੰਦੀਆਂ ਰਹੀਆਂ ਦਰਸਾਈਆਂ ਹਨ। ਉਨ੍ਹਾਂ ਦੀ ਸੰਤਾਨ ਦੇ ਜਨਮ ਨੂੰ ਲਿਖਾਰੀ ਨੇ ਜਿਵੇ ਦੇ ਗੁਰਮਤਿ ਵਿਰੋਧੀ ਵਡੇ ਸ਼ਰਮਨਾਕ ਰੂਪ ਵਿਚ ਦਰਸਾ ਕੇ ਖ਼ਾਲਸਾ ਜੀ ਦੀ ਅਣਖ ਨੂੰ ਘਿਣਾਵਣੀਆਂ ਚੋਟਾਂ ਲਾਈਆਂ ਹਨ ਉਸ ਕਰੁਣਾ ਮਈ ਵਿਥਿਆ ਦਾ ਕਰਮਵਾਰ ਵੇਰਵਾ ਇਸ ਪ੍ਰਕਾਰ ਹੈ:- (ੳ) ਪਹਿਲੇ ਗ੍ਰਭ ਤੋਂ ਮਾਤਾ ਦਮੋਦਰੀ ਜੀ ਨੂੰ **ਸਤਿਗੁਰੂ ਨਾਨਕ ਸਾਹਿਬ ਜੀ ਸੇਲੀ ਟੋਪੀ ਅਤੇ ਚਿੱਟੇ ਦਾੜ੍ਹੇ ਸਮੇਤ ਜਨਮਦੇ ਦਰਸਾ ਕੇ ਮਾਤਾਵਾਂ ਨੂੰ ਉਨ੍ਹਾਂ ਤੋਂ ਪਲੇ ਲੈਂਦੀਆਂ ਸੰਗਦੀਆਂ ਦਰਸਾਉਣ ਰੂਪ ਠੱਠਾ** ? ਉਸ ਬਾਲਕ ਨੂੰ ਬਾਬਾ ਗੁਰਦਿਤਾ ਜੀ ਦਰਸਾਇਆ । (ਅ) ਉਸੇ ਵਿਧੀ ਨਾਲ ਮਾਤਾ ਦਮੋਦਰੀ ਜੀ ਦੂਜੀ ਵਾਰ ਗ੍ਰਭਵਤੀ ਹੋਏ ਤਾਂ ਚੰਡਕਾ ਦੇਵੀ ਆ ਪ੍ਰਗਟ ਹੋਈ, ਨਾਮ ਬੀਬੀ ਵੀਰੋ। (ੲ) **ਜਦ ਓਵੇਂ** ਮਾਤਾ ਮਰਵਾਹੀ ਜੀ ਵੀ ਮੰਤ੍ਰਿਆ ਕਾਗ਼ਜ਼ ਦਾ ਟੁਕੜਾ ਚੂਸਣ ਤੋਂ ਗ੍ਰਭਵਤੀ ਹੋਏ ਤਾਂ ਜਿਵੇਂ ਪਾਂਡਵਾਂ ਦੀ ਕੁੰਤੀ ਨੂੰ ਕਰਣ ਰੂਪ ਵਿਚ ਆਸਮਾਨੀ ਸੂਰਜ ਆ ਜਨਮਿਆਂ ਸੀ, ਉਵੇਂ ਹੀ ਅਸਮਾਨਾ ਤੋਂ ਉਤਰ ਕੇ **ਸੂਰਜ ਭਗਵਾਨ ਮਾਤਾ ਮਰਵਾਹੀ ਦਾ ਪੁੱਤਰ ਆ ਬਣਿਆ**? ਲਿਖਾਰੀ ਨੇ ਸਤਿਗੁਰੂ ਜੀ ਦੀ ਹੀ ਜ਼ਬਾਨੀ ਉਸ ਨੂੰ 'ਸੂਰਜ ਮਲ" ਦਰਸਾ ਦਿੱਤਾ । (ਸ) ਮਾਤਾ ਨਾਨਕੀ ਜੀ ਦੇ ਪਹਿਲੇ ਖ਼ੂਬਸੂਰਤ ਸ਼ਾਹਿਬਜ਼ਾਦੇ ਨੂੰ ਅਣੀਰਾਏ ਜੀ । **(ਹ) ਉਸੇ ਵਿਧੀ ਨਾਲ ਦੂਜੀ ਵਾਰ** ਮਾਤਾ ਨਾਨਕੀ ਜੀ ਦੇ ਗ੍ਰਭ ਤੋਂ  **ਸਤਿਗੁਰੂ ਨਾਨਕ ਸਾਹਿਬ ਨੂੰ ਦੂਜੀ ਵਾਰ ਵੀ ਉਵੇਂ ਵੀ ਸੇਲੀਟੋਪੀ ਅਤੇ ਚਿੱਟੇ ਦਾੜ੍ਹੇ ਨਾਲ ਜਨਮਦੇ ਅਤੇ** ਮਤਾਵਾਂ ਨੂੰ ਘੁੰਡ ਕਢ ਖਲੋਤੀਆਂ **ਦਰਸਾਉਣ ਵਿਚ ਲਿਖਾਰੀ ਜ਼ਰਾ ਨਹੀਂ ਝਿਜਕਿਆ**। (ਕ)-ਤੀਜੀ ਵਾਰ ਗ੍ਰਭਵਤੀ ਹੋਇਆਂ ਮਾਤਾ ਨਾਨਕੀ ਜੀ ਦੇ ਘਰ ਸਤਿਗੁਰੂ ਤੇਗ਼ਬਹਾਦਰ ਜੀ ਨੂੰ ਜਨਮਦੇ ਦਰਸਾ ਦਿੱਤਾ । *ਗੁਰਮਤਿ ਅਨੁਸਾਰ* ਪ੍ਰਾਣੀਆਂ ਦਾ ਜਨਮ ਮਾਤਾ ਦੀ ਰਕਤ ਅਤੇ **ਪਿਤਾ ਦੀ ਬਿੰਦ (ਵੀਰਜ**) ਤੋ ਹੋਣਾ ਕਾਦਰ ਦਾ ਨਿਯਮ-ਰੂਪ ਅਟੱਲ ਹੁਕਮ ਹੈ **(੧)-ਜੈਸੇ ਮਾਤ ਪਿਤਾ ਬਿਨੁ  ਬਾਲੁ ਨ ਹੋਈ** ॥{੬੭੨}-(੨)-**ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥** ...॥੬੬॥ {੯੪੫}-**੩-ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥** {੬੩}**-੪- ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥** {੩੭੪}**-੫- ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**

**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ** ॥੧॥ {੬੫੯}

**(੫)**ਹੁਣ ਜਦੋਂ ਪੰਜ ਬਚਿਆਂ ਉਪਰੰਤ ਛੇਵੇਂ ਸਾਹਿਬਜ਼ਾਦਾ ਤੇਗ਼ਬਹਾਦਰ ਸਾਹਿਬ ਦਾ ਜਨਮ ਹੋਇਆ ਤਾਂ ਬੀਬੀ ਕੌਲਾਂ ਜੀ ਨੂੰ ਵਧਾਈਆਂ ਦੇਣ ਦਾ ਚੇਤਾ ਆ ਗਿਆ। ਮਾਤਾ ਗੰਗਾ ਜੀ ਦੇ ਘਰ ਸਾਰੇ ਪਰਵਾਰ ਨੂੰ ਆ ਮਿਲੇ । ਬਚਿਆਂ ਦੀ ਰੌਣਕ ਵੇਖ ਕੇ ਕੌਲਾਂ ਜੀ ਨੂੰ ਆਪਣੇ ਆਪੇ ਵਿਚ ਬੜੀ ਘਾਟ ਨਜ਼ਰ ਆਈ। **ਹਾਏ "ਮੇਰੇ ਕੋਈ ਵੀ ਬੱਚਾ ਨਹੀਂ ਤੇ ਏਥੇ ਛੇ** ?" ਵਧਾਈਆਂ ਤੇ ਅਸੀਸਾਂ ਦਿੰਦੀ ਕੌਲਾਂ ਜੀ ਵਾਪਸ ਪਰਤ ਗਏ। " **ਮੈਨੂੰ ਸ਼ਾਇਦ ਤੁਰਕਣੀ ਜਾਣ ਕੇ ਤਿਆਗਿਆ ਹੋਇਆ ਹੈ ?** ਭੋਗ ਤੋਂ ਬਿਨਾ ਵੀ ਕਦੇ ਕਿਸੇ ਦੇ ਬੱਚੇ ਹੋਏ ਹਨ ? " ਖਾਣਾ ਪੀਣਾ ਤਿਆਗ ਦਿੱਤਾ, ਗਹਿਣੇ ਤੇ ਕੀਮਤੀ ਕੱਪੜੇ ਲਾਹ ਦਿੱਤੇ। ਦਾਸੀਆਂ ਨਾਲ ਵੀ ਬੋਲਣਾ ਤਿਆਗ ਦਿੱਤਾ, ਅਤੇ-" **ਬਿਰਹ ਤਪਤ ਕੌਲਾਂ ਭਈ, ਰਹੀ ਨ ਦੇਹ ਸੰਭਾਰ** ।" ਵਿਛੋੜੇ ਦੀ ਅੱਗ ਵਿਚ ਸੜਦੀ ਨੇ ਸਰੀਰ ਦੀ ਸੁੱਧ ਗੁਆ ਲਈ। ਉਧਰ ਸ੍ਰੀ ਅਕਾਲ ਤਖ਼ਤ ਸਾਹਿਬ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਸਤਿਗੁਰੂ ਜੀ ਦੇ ਹਿਰਦੇ ਨੂੰ ਅਜੇਹੀ ਧੂ ਪਈ ਕਿ, ਚਾਰ ਅਸਟਪਦੀਆਂ ਵਿੱਚੇ ਹੀ ਛੱਡ ਕੇ ਉਹ ਕੌਲਾਂ ਜੀ ਕੋਲ ਝੱਟ ਜਾ ਪਹੁੰਚੇ । ਧਰਤੀ ਤੇ ਲੇਟਦੀ ਕੌਲਾਂ ਜੀ ਦੇ ਕੋਲ ਬੈਠ ਕੇ ਗੁਰੂ ਜੀ ਨੇ ਰਹਿੰਦੀਆਂ ਚਾਰ ਅਸਟਪਦੀਆਂ ਪੜ੍ਹੀਆਂ, ਤੇ

"ਸ੍ਰੀ ਮੁਖ ਕਹਾ ਕੈਸ ਦੁਖ ਪਾਵੋ । ਪਿਆਰੀ ਕਹੋ ਨ **ਗਹੁਰ** ਲਗਾਵੋ ॥(ਗਹੁਰ=ਦੇਰ, ਚਿਰ) ਕੌਲਾਂ ਜੀ ਨੇ ਕਿਹਾ-" ਨੌ ਸਾਲ ਹੋ ਗਏ ਹਨ ਮੈਨੂੰ ਲਿਆਂਦੀ ਨੂੰ, ਤੇ ਭੋਗ ਇਕ ਵਾਰੀ ਵੀ ਨਹੀਂ ਕੀਤਾ, ਓਧਰ ਬਚਿਆਂ ਦੀ ਭਰਮਾਰ ਕਰ ਦਿੱਤੀ ਹੈ ? ਬੜੇ ਲੱਮੇ ਇਸ ਪ੍ਰਸੰਗ ਦਾ ਕੇਵਲ ਏਨਾ ਹਿੱਸਾ ਲਿਖਣ ਤੋਂ ਦਾਸ ਦਾ ਭਾਵ ਲਿਖਾਰੀ ਦੀ ਕੁਟਲਤਾ ਦਰਸਾਉਣ ਤੋ ਹੈ ਕਿ, ਸਿੱਖ ਇਹ ਕਹਿਣ ਜੋਗੇ ਨਾ ਰਹਿਣ ਕਿ, ਬੀਬੀ ਕੋਲਾਂ ਨਾਲ ਗੁਰੂ ਜੀ ਦਾ ਧੀਆਂ ਜਿਹਾ ਪਿਆਰ ਸੀ।

**(੬)ਸਤਿਗੁਰੂ ਜੀ ਚੋਰੀਆਂ ਕਰੌਣ ਵਾਲੇ ਅਥਵਾ ਚੋਰੀ ਦਾ ਮਾਲ ਲੈਣ ਵਾਲੇ?-**

ਕਾਬਲੋਂ ਆਈ ਸੰਗਤਿ ਨੇ ਜਦ ਸਤਿਗੁਰੂ ਜੀ ਨੂੰ ਦੱਸਿਅ ਲਹੌਰ ਪੁਜੇ ਤਾਂ ਜੁੰਮੇ ਦੀ ਨਿਮਾਜ਼ ਪੜ੍ਹਨ ਲਈ ਸ਼ਾਹਜਹਾਨ ਆਪਣੀਆਂ ਫ਼ੌਜਾਂ ਸਮੇਤ ਸ਼ਹਿਰ ਵਿਚ ਆਇਆ ਹੋਇਆ ਸੀ। **ਸਤਿਗੁਰੂ ਜੀ ਨੇ ਝਟ ਪੁੱਛ ਲਿਆ** ਕਿ, ਫ਼ੌਜ ਵਿਚ ਕੋਈ ਅਜੇਹੀ ਚੀਜ਼ ਵੇਖੀ ਜਿਹੜੀ ਕਾਮਦੇਵ ਤੁੱਲ ਸੁੰਦਰ ਹੋਵੇ ? ਤਾਂ ਸੰਗਤਿ ਵਿਚੋਂ ਤਾਰਾ ਚੰਦ ਨੇ ਦਸਿਆ ਕਿ, ਉਨ੍ਹਾਂ ਨੇ ਦੋ ਘੋੜੇ ਅਜੇਹੇ ਵੇਖੇ ਹਨ ਜਿਨ੍ਹਾਂ ਦੇ ਰੂਪ ਅਤੇ ਚਾਲ ਤੋਂ ਕਾਮਦੇਵ ਵੀ ਸ਼ਰਮਿੰਦਾ ਹੁੰਦਾ ਹੈ। ਉਤੇ ਪਾਈਆਂ ਸੋਨੇ ਦੀਆਂ ਕਾਠੀਆਂ ਦਾ ਅਜੇਹਾ ਪ੍ਰਕਾਸ਼ ਹੈ ਕਿ ਸੂਰਜ ਦਾ ਪ੍ਰਕਾਸ਼ ਵੀ ਫਿੱਕਾ ਪੈ ਜਾਂਦਾ ਹੈ । ਇਹ ਕੁਝ ਸੁਣ ਕੇ ਸਤਿਗੁਰ ਜੀ ਚੁਪ ਰਹੇ । ਕੁਝ ਦਿਨ ਰਹਿ ਕੇ ਜਦ ਸੰਗਤਿ ਕਾਬਲ ਨੂੰ ਪਰਤ ਗਈ, ਤਾਂ ਸਤਿਗੁਰੂ ਜੀ ਨੇ, ਕਿਲ੍ਹੇ ਵਿਚੋਂ ਘੋੜੇ ਕੱਢਿ ਲਿਆਉਣ ਲਈ ਬਿਧੀ ਚੰਦ ਦੀ ਸੇਵਾ ਲਾ ਦਿੱਤੀ।
{**ਚੌਪਈ ੨੪੧ ਤੋਂ ੨੫੨ ਅਧਿਆਇ ੧੯**)

ਲਹੌਰ ਦੇ ਸ਼ਾਹੀ ਕਿਲ੍ਹੇ ਵਿਚੋਂ, ਸ਼ਾਹ ਜਹਾਨ ਦਾ ਘੋੜਾ ਚੋਰੀ ਖੋਹਲਕੇ ਲਈ ਆਉਂਦੇ ਭਾਈ ਬਿਧੀਚੰਦ ਨੂੰ ਵੇਖ ਕੇ, ਸਤਿਗੁਰੂ ਜੀ ਉਵੇਂ ਹੀ (ਖ਼ੁਸ਼ੀ ਨਾਲ) ਉੱਠ ਖੜੇ ਹੋਏ ਜਿਵੇਂ ਜੀਵਨ-ਬੂਟੀ ਦਾ ਪਹਾੜ ਚੁੱਕੀ ਆਉਂਦੇ ਹਨੂੰਮਾਨ ਨੂੰ ਵੇਖ ਕੇ ਸ੍ਰੀ ਰਾਮ ਜੀ ਉੱਠ ਖਲੋਤੇ ਸਨ। ਬਿਧੀ ਚੰਦ ਚਰਨੀ ਪਿਆ ਤਾਂ ਸਤਿਗੁਰੂ ਜੀ ਨੇ ਉਸ ਨੂੰ ਜੱਫੀ ਵਿੱਚ ਘੁੱਟ ਲਿਆ {**ਅਧਿਆਇ ੧੯-੩੩੫**} ਘੋੜੇ ਦੇ ਵਿਜੋਗ ਵਿਚ ਸ਼ਾਹਜਹਾਨ ਦੇ ਬੁਰੇ ਹਾਲ ਦਾ ਜ਼ਿਕਰ, ਅਤੇ:-

(ਅ) ਫਿਰ **ਪੰਜਾਂ ਸਤਿਗੁਰਾਂ ਨੂੰ** ਧਿਆ ਕੇ ਬਿਧੀਚੰਦ ਨੂੰ ਥਾਪੀ ਦਿੱਤੀ ਅਤੇ ਦੂਜਾ ਘੋੜਾ ਲਿਆਉਣੁ ਲਈ ਤੁਰੰਤ ਤੋਰ ਦਿੱਤਾ।(੧੯/੩੫੭) ਭਾਵ, ਸਿੱਖਾਂ ਦੇ ਸਾਰੇ ਗੁਰੂ ਸਾਹਿਬਾਨ ਹੀ ਚੋਰੀਆਂ ਕਰਨ ਲਈ ਉਤਸ਼ਾਹ ਕਰਿਆ ਕਰਦੇ ਸਨ ?

(ੲ)ਜਦੋਂ ਦੂਜਾ ਘੋੜਾ ਲੈ ਕੇ ਬਿਧੀ ਚੰਦ ਜੀ ਆਏ ਤਾਂ ਜਿਵੇਂ ਸਤਿਗੁਰੂ ਜੀ ਨੂੰ (ਕੀਰਤਨ ਨਹੀਂ ਸਗੋਂ) ਰਾਗ ਰੰਗ ਭੁੱਲ ਗਿਆ ਅਤੇ ਦੌੜ ਕੇ ਬਿਧੀ ਚੰਦ ਦੇ ਗਲ ਨਾਲ ਜਾ ਚੰਬੜੇ, ਅਤੇ ਜਿਵੇਂ ਦੋਹਾਂ ਤੋਂ ਇਕ ਰੂਪ ਹੋ ਕੇ, ਸਤਿਗੁਰੂ ਜੀ ਬਿਧੀ ਚੰਦ ਦੇ ਇਸ ਵਡੇ ਉਪਕਾਰ ਦੇ ਰਿਣੀ ਹੁੰਦੇ ਦਰਸਾਉਣ ਦਾ ਕਵੀ ਨੇ ਘੋਰ ਅਪਰਾਧ ਕੀਤਾ ਹੈ, ਲਿਖਾਰੀ ਦੀ ਆਪਣੀ ਬੋਲੀ ਵਿਚ ਗੁਰੂ ਚੇਲਾ ਦੋਵੇਂ ਚੋਰ ?॥(੪੪੩/੧੯} ਚੋਰੀ ਦੇ ਨਾਸਵੰਤ ਘੋੜਿਆਂ ਨੂੰ ਵੇਖ ਕੇ ਜਿਵੇਂ ਦੀ ਹਾਲਤ ਇਸ ਨੀਚ ਲਿਖਾਰੀ ਨੇ ਸਤਿਗੁਰੂ ਜੀ ਦੀ ਚਿਤਰੀ ਹੈ, ਉਸ ਤੋਂ ਇਹ ਸਮਝਣਾ ਕਠਨ ਬਣ ਰਿਹਾ ਹੈ ਕਿ ਸਤਿਗੁਰੂ ਜੀ, ਗੁਰਮਤਿ-ਸਿਧਾਂਤ ਨੂੰ ਭੁੱਲ ਗਏ ਸਨ ਕਿ, ਜਾਂ, ਗੁਰਬਾਣੀ ਦੀ ਉਲੰਙਣਾ ਕਰਨ ਦੇ ਪੂਰਨੇ ਪਾ ਰਹੇ ਸਨ ?

**(੭)ਹੋਰ ਵੀ ਵੱਧ ਦੁਖਦਾਈ ਭਾਣਾ ?**

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਨਮਾਨ ਜੋਗ ਮਹਿਲ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਪੂਜਯ ਮਾਤਾ ਨਾਨਕੀ ਜੀ, ਬਿਧੀ ਚੰਦ ਨੂੰ ਇਉਂ ਕਹਿੰਦੇ ਵੀ ਲਿਖਾਰੀ ਨੇ ਦਰਸਾਏ ਹੋਏ ਹਨ-" ਹੇ ਬਿਧੀਆ ! ਗੁਰੂ ਲਈ ਬਾਦਸ਼ਾਹ ਦੇ ਘੋੜੇ ਲੈ ਆਇਆ ਹੈਂ ਮੈਨੂੰ ਕਿਸੇ ਰਾਣੀ ਦੇ ਚੰਗੇ ਦੁਸ਼ਾਲੇ ਹੀ ਲਿਆ ਦੇਹ ":-**ਸ਼ਾਹ ਅਸੁ ਗੁਰ ਹਿਤਿ ਅਏ, ਮਮ ਹਿਤਿ ਭੂਖਨ ਲਯਾਇ** ॥ ਜਰ ਚੂਨੀ ਬੇਗਮ ਸੁਖਦ ਰੰਕ ਨ ਕੋਇ ਦੁਖਾਇ ।੧੨●। (ਅਧਿਆਇ-੨●) .ਬਿਧੀ ਚੰਦ ਨੇ, ਮਲਕਾ ਦੇ ਅਨਮੋਲ ਦੁਸ਼ਾਲਿਆਂ ਦੇ ਨਾਲ ਬੇਅੰਤ ਗਹਿਣੇ ਵੀ ਮਾਤਾ ਜੀ ਦੇ ਅੱਗੇ ਲਿਆ ਢੇਰੀ ਲਾਏ। ਤੇ ਲਿਖਾਰੀ ਨੇ ਗੁਰਦੇਵ ਜੀ ਮੁਖਾਬਿੰਦ ਕੀ ਪਾਇਆ ?:-

**ਦੋਹਰਾ॥ ਬਿਧੀਏ ਸਮ ਕੋ ਚੋਰ ਨਹਿ ਪੁਨਾ ਬਲੀ ਨਹਿ ਕੋਇ।**
**ਗੁਰਸੇਵਕ ਤਨਿ ਮਨਿ ਭਯੋ ਪਾਛੇ ਹੋਇ ਨ ਹੋਇ** ॥੭੧ ॥{ਅਧਿਾਇ ੨●}

(੮) ਏਸੇ ਗੁਰਬਿਲਾਸ ਗ੍ਰੰਥ ਦੀ, ਇਕ ਝੂਠ ਗਾਥਾ ਇਹ ਹੈ ਕਿ, ਭਾਈ ਬਿਧੀ ਚੰਦ ਜੀ ਨੇ ਕਿਸੇ ਦੀਆਂ ੫● ਮੱਝਾਂ (Buffaloes}ਚੋਰੀ ਖਿਸਕਾ ਲਈਆਂ। ਪਰ ਜਦ ਮਾਲਕ ਖੋਜੀਆਂ ਸਮੇਤ ਨੇੜੇ ਆਉਂਦੇ ਦਾ ਪਤਾ ਲੱਗਾ ਤਾਂ ਬਿਧੀ ਚੰਦ ਨੇ ਪੰਚਮ ਪਾਤਸ਼ਾਹ ਜੀ ਦੀ ਓਟ ਚਾਹੀ ਤਾਂ ਮਝਾਂ ਕਾਲੀਆਂ ਤੋਂ ਬੂਰੀਆਂ ਹੋ ਗਈਆਂ ਤੇ ਖੁਰਾ ਲੈ ਕੇ ਪੁੱਜੇ ਅਸਲ ਮਾਲਕ ਸ਼ਰਮਿੰਦੇ ਹੋ ਕੇ ਮੁੜ ਗਏ। ਜਲੰਧਰ ਜ਼ਿਲੇ ਦੇ ਮਾਉ ਪਿੰਡ ਵਿਚ ਚੌਰੀ ਕੀਤੀਆਂ ਕਾਲੀਆਂ ਮਝਾਂ ਤੋਂ ਬੂਰੀਆਂ ਹੋਣ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

**(੯) ਸਤਿਗੁਰੂ ਤੇਗ਼ ਬਹਾਦਰ ਜੀ *ਦੀ ਸ਼ਹੀਦੀ.* ਸ਼ਰਮਨਾਕ ਆਤਮ-ਹੱਤਿਆ ?**

ਲਿਖਾਰੀ ਦੇ ਲਿਖਣ ਅਨੁਸਾਰ ਮੁਸਲਮਾਨ ਸਰਕਾਰ ਦੇ ਹਾਕਮਾ ਕੋਲੋਂ ਦੁਖੀ ਹੋਈ ਸੰਗਤ ਮਾਖੋਵਾਲ ਆਈ-"**ਤਬ ਸੰਗਤਿ ਦੁਖ ਪਾਇ ਕੈ ਆਵੈ ਮਾਖੋਵਾਲ**। ਭਾਵ ਅਜੋਕੇ ਸ੍ਰੀ ਆਨੰਦਪੁਰ ਸਾਹਿਬ ਤੇਗ਼ਬਹਾਦਰ ਸਾਹਿਬ ਕੋਲ ਆਈ ਅਤੇ ਬੇਨਤੀ ਕੀਤੀ ਕਿ, ਤੁਸਾਂ ਅਵਤਾਰ ਹੀ ਤਿਲਕ ਜੰਞੂ ਦੀ ਰਖਿਆ ਵਾਸਤੇ ਧਾਰਿਆ ਹੈ ਸੋ ਤੁਸੀਂ ਹਿੰਦੂ ਧਰਮ ਦੀ ਰਖਿਆ ਕਰੋ। ਤਾਂ ਸਤਿਗੁਰੂ ਜੀ ਪੰਜ ਸਿੱਖ ਆਪਣੇ ਨਾਲ ਲੈ ਕੇ ਦਿਲੀ ਚਲੇ ਗਏ। ਕਿਸੇ ਬ੍ਰਾਹਮਣ ਦੇ ਫ਼ਰਿਆਦੀ ਹੋਣ ਦਾ ਕੋਈ ਜ਼ਿਕਰ ਨਹੀਂ ਹੈ। ਲਿਖਾਰੀ ਅਨੁਸਾਰ ਬਾਬਾ ਰਾਮਰਾਏ ਜੀ, ਸਤਿਗੁਰੂ ਤੇਗ਼ਬਹਾਦਰ ਜੀ ਦੇ ਦਿੱਲੀ ਪਹੁੰਚਨ ਤੋਂ ਪਹਿਲਾਂ ਹੀ ਔਰੰਗਜ਼ੇਬ ਨੂੰ ਕਰਾਮਾਤਾ ਵਿਖਾ ਹਟੇ ਸਨ। ਗੁਰੂ ਤੇਗ਼ਬਹਾਦਰ ਜੀ ਦੇ ਦਿੱਲੀ ਪੁਜਣ ਤੇ ਰਾਮਰਾਏ ਜੀ ਨੇ ਔਰੰਗਜ਼ੇਬ ਨੂੰ ਉਕਸਾਇਆ ਕਿ, ਉਹ ਸਤਿਗੁਰੂ ਜੀ ਨੂੰ ਬੁਲਾ ਕੇ ਉਨ੍ਹਾਂ ਕੋਲੋਂ ਵੀ ਕਰਾਮਾਤ ਵੇਖੇ। ( "(ਚੌਪਈ-੩੬੩ ਤੋਂ ੩੬੬ ਅਧਿਆਇ ੮)-ਪਿਆਦੇ ਭੇਜ ਕੇ ਸਤਿਗੁਰੂ ਜੀ ਨੂੰ ਝੱਟ ਦਰਬਾਰ ਵਿਚ ਬੁਲਾ ਕੇ ਔਰੰਗਜ਼ੇਬ ਨੇ ਸਤਿਗੁਰੂ ਜੀ ਨੂੰ ਕਰਾਮਾਤ ਵਿਖਾਉਣ ਲਈ ਆਖਿਆ ਪਰ ਸਤਿਗੁਰੂ ਜੀ ਸ਼ਾਹ ਦੀ ਇਸ ਮੰਗ ਨੂੰ ਕੁਦਰਤੀ ਨੇਮਾਂ ਦੇ ਵਿਰੁੱਧ ਦਸਿਆ । ਕੇਵਲ ਏਨੀ ਗਲ ਤੇ ਸਤਿਗੁਰੂ ਜੀ ਨੂੰ ਬੰਦੀ ਖਾਨੇ ਪਾ ਦਿੱਤਾ ਗਿਆ। ਔਰੰਗਜ਼ੇਬ ਦੇ ਦਰਬਾਰ ਵਿਚ ਕਿਸੇ ਧਿਰੋਂ ਵੀ ਤਿਲਕ ਜੰਞੂ ਉਤਾਰਨ ਬਾਰੇ ਜਾਂ ਹਿੰਦੂਆਂ ਦਾ ਧਰਮ ਨਸ਼ਟ ਕਰਨ ਬਾਰੇ ਕੋਈ ਵੀ ਗੱਲ ਹੁੰਦੀ ਲਿਖਾਰੀ ਨੇ ਨਹੀਂ ਦਰਸਾਈ ਹੋਈ।

ਹੈਰਾਨੀ ਹੈ ਕਿ ਸਤਿਗੁਰੂ ਜੀ ਨੂੰ ਬੰਦੀ ਖ਼ਾਨੇ ਪਾ ਕੇ ਉਨ੍ਹਾਂ ਦੇ ਪਹਿਰੇ ਤੇ ਉਨ੍ਹਾਂ ਦੇ ਨਾਲ ਆਏ ਪੰਜ ਸਿੱਖ ਹੀ ਬਿਠਾ ਦਿਤੇ ? ਸਤਿਗੁਰੂ ਜੀ ਨੇ ਇਕ ਸਿੱਖ (ਪਤਾ ਨਹੀਂ ਕਿਹੜਾ?) ਆਪਣੇ ਕੋਲ ਰੱਖ ਲਿਆ ਤੇ ਬਾਕੀ ਚਾਰੇ ਸਿੱਖ ਉਥੋਂ ਖਿਸਕਾ ਦਿੱਤੇ । ਗੁਰਮਤਿ ਦੇ ਕੱਟੜ ਵੈਰੀ ਇਸ ਕੁਟਲ ਲਿਖਾਰੀ ਨੇ ਆਪਣੀ ਕੁਟਲ-ਚਤੁਰਾਈ ਨਾਲ, ਭਾਈ ਸਾਹਿਬਾਨ ਦਇਆਲਾ, ਮਤੀਦਾਸ ਸਤੀਦਾਸ ਆਦਿ ਗੁਰਮੁਖ ਸ਼ਹੀਦਾਂ ਨੂੰ ਬਿਨਾ ਉਨ੍ਹਾਂ ਦਾ ਨਾਮ ਲਿਖਿਉਂ (ਸਤਿਗੁਰੂ ਜੀ ਦੇ ਹੁਕਮ ਨਾਲ ਹੋਏ) ਭਗੌੜਿਆਂ ਵਿਚ ਹੀ ਦਰਸਾ ਦਿੱਤਾ। ਸਾਰੇ ਪ੍ਰਸੰਗ ਵਿਚ ਉਨ੍ਹਾਂ ਲਾਸਾਨੀ ਸ਼ਹੀਦਾਂ ਦਾ ਕਿਤੇ ਜ਼ਿਕਰ ਤਕ ਨਹੀ। ਹੋਰ ਵੀ ਵਡੀ ਕੁਟਲਤਾ ਵੇਖੋ, ਸਿੱਖ ਸੰਗੀਆਂ ਨੂੰ ਗੁਰੂਤੇਗ਼ ਬਾਦਰ ਜੀ ਦੇ ਹੁਕਮ ਨਾਲ ਹੀ ਖਿਸਕਾਏ ਦਰਸਾ ਕੇ ਫਿਰ ਉਨ੍ਹਾਂ ਦੇ ਹੀ ਮੁਖਾਰਬਿੰਦ ਵਿਚੋਂ ਇਹ ਬਚਨ-

"ਤਬ ਸਲੋਕੁ ਹੌਂ ਕਰੌਂ ਉਚਾਰ । **ਸੰਗਿ ਸਖਾ ਤਜਿ ਭਏ ਨਿਆਰ**।
ਏਕ ਟੇਕ ਰਘੁਪਤਿ ਕੀ ਰਹੀ। ਔਰ ਆਸ ਸਭਿ ਜਨ ਕੀ ਬਹੀ ॥ ੩੭੬॥
ਛੁਟਯੋ ਬਲੁ ਬੰਧਨ ਪਰੈ ਨਹਿ ਹੋਤ ਉਪਾਇ ।
ਏਕ ਆਸ ਤੋਰੀ ਪ੍ਰਭੂ ਗਜ ਜਯੋ ਹੋਇ ਸਹਾਇ ॥੩੭੭॥"

(ਗੁਰੂ ਬਾਣੀ ਦੀ ਖੰਡਨਾਂ ਵਾਲੇ) ਉਪਰੋਕਤ ਬਚਨ ਸੁਣਦਿਆਂ ਹੀ, (ਅਪਾਰ, ਅਗੰਮ. ਅਗੋਚਰ, ਅਦ੍ਰਿਸ਼ਟ ਚਕ੍ਰ ਚਿਹਨ ਰੰਗ ਰੂਪ ਤੋਂ ਰਹਿਤ ਨਿਰ-ਅਕਾਰ) ਸਰਬ ਵਿਆਪੀ ਅਕਾਲਪੁਰਖ ਜੀ, ਗੁਰੂ ਨਾਨਕ ਸਾਹਿਬ ਜੀ ਸਮੇਤ ਅੱਠਾਂ ਹੀ ਸਤਿਗੁਰੂ ਸਾਹਿਬਾਨ ਨੂੰ

ਅਪਣੇ ਨਾਲ ਲੈ ਕੇ ਉਸ ਪਿੰਜਰੇ ਦੇ ਕੋਲ ਪਹੁੰਚ ਗਏ ਜਿਸ ਵਿਚ ਗੁਰਦੇਵ ਜੀ ਬੰਦ ਸਨ। ਤੇ ਰਬ ਜੀ ਨੂੰ ਇਹ ਬਚਨ ਬੋਲਦੇ ਦਰਸਾ ਦਿਤਾ- "**ਤਬ ਭਗਵੰਤ ਮੁਖਿ ਬਚਨ ਅਲਾਏ । ਬਲ ਹੋਆ ਬੰਧਨ ਛੁਟ ਜਾਇ । ਸਭਿ ਉਪਾਵ ਹੈਂ ਹਾਥ ਤੁਮਾਰੇ । ਨਿਜ ਸਹਾਇ ਨਿਜ ਕਰੋ ਸੁਧਾਰੇ** ॥੩੭੯/੮॥ ਭਾਵ, ਸਾਰੇ ਚਾਰੇ ਤੁਹਾਡੇ ਆਪਣੇ ਹੀ ਹੱਥ ਵਿਚ ਹਨ, ਉੱਦਮ ਕਰਕੇ ਆਪਣੀ ਸਹਾਇਤਾ ਤੁਸੀਂ ਆਪ ਹੀ ਕਰੋ ਤੇ ਏਥੋਂ ਛੁਟਕਾਰਾ ਪਾਉ" । ਇਹ ਗੱਲ ਕਹਿ ਕੇ ਪ੍ਰਭੂ ਜੀ ਚਲਦੇ ਬਣੇ ।

ਆਪਣੀ ਕਿਰਤ ਦੇ ਕਣ ਕਣ ਦੇ ਵਾਸੀ ਸਿਰਜਣਹਾਰ ਜੀ ਨੇ ਆਉਣਾ ਕਿਥੋਂ ਸੀ ਤੇ ਪਰਤਣਾ ਕਿੱਧਰ ਨੂੰ ਸੀ ? ਅਗਲੀਆਂ ਚੌਪਈਆਂ ਵਿਚ ਸਤਿਗੁਰੂ ਜੀ ਆਪਣੇ ਕੋਲ ਰੱਖੇ ਪੰਜਵੇਂ ਸਿੱਖ ਨੂੰ ਕਹਿੰਦੇ ਹਨ ਕਿ ਜਦੋਂ ਹੀ ਉਹ ਆਪਣਾ ਸੀਸ ਨਿਵਾਉਣ ਤਾਂ -'**ਮਾਰੇ ਤੇਗ ਨ ਧਰੇ ਕਸੀਸ।' ਲਿਖਾਰੀ ਅਨੁਸਾਰ-ਏਨਾ ਕਹਿ ਕੇ ਸਤਿਗੁਰੂ ਜੀ ਨੇ ਆਪਣਾ ਅਝੁੱਕ ਸੀਸ ਝੁਕਾ ਦਿਤਾ ਤੇ ਉਸ ਸਿਖ ਨੇ ਤਲਵਾਰ ਨਾਲ** ਸਤਿਗੁਰੂ ਜੀ ਦੇ ਸੀਸ ਉਪਰੰਤ ਆਪਣਾ ਸਿਰ ਵੀ ਧੜ ਨਾਲੋਂ ਜੁਦਾ ਕਰਲਿਆ, ਲਿਖਾਰੀ ਨੇ ਗੁਰੂ ਚੇਲਾ ਦੋਵੇਂ ਆਤਮ ਹਤਿਆ ਕਰਦੇ ਦਰਸਾ ਦਿੱਤੇ ਪਰ ਏਧਰ ਅਸੀਂ ਸਾਰੇ ਅੱਜ ਤਕ ਦੜ ਵੱਟੀ ਚੁੱਪ ਦੇ ਚੁੱਪ ਹਾਂ। ਹੁਣ ਜਦੋਂ **RRS** ਵਾਲੇ ਸਕੂਲੀ ਪੁਸਤਕਾਂ ਵਿਚ ਸਾਨੂੰ ਚੋਰਾਂ ਦੇ ਚੇਲੇ ਅਥਵਾ ਭਗੌੜੇ ਤੇ ਕਾਇਰ ਵਿਖਾ ਰਹੇ ਹਨ ਤਾਂ ਦੋਸ਼ੀ ਕੌਣ ? ਸੁਰਤ ਵਿਚ ਆਉਣ ਦੀ ਦੁਹਾਈਆਂ ਮਚਾ ਰਿਹਾ ਇਹ ਦਾਸਰਾ ਕਿ ਜਾਂ ਵੇਦਾਂਤੀ ਜੀ ਵਰਗੇ ਸਾਡੇ ਧਰਮਆਗੂ ? ਸਤਿਗੁਰੂ ਜੀ ਦਾ ਕਟਿਆ ਹੋਇਆ ਸੀਸ ਆਕਾਸ਼ ਵਲ ਉਡ ਗਿਆ ਤੇ ਦਿਲੀ ਵਾਸੀ **ਅਗਿਆ ਰਾਮ** ਦੇ ਕੋਲ ਜਾ ਪਿਆ। (ਪਰਾਣਾ ਵਾਲੀ "ਆਕਾਸ਼ ਬਾਣੀ" ਹੁਣ ਏਥੇ ਵੀ ਆ ਬੋਲੀ-"ਹੇ ਅਗਿਆ ਰਾਮ ! ਇਸ ਸੀਸ ਨੂੰ ਸੰਭਾਲੀ ਰੱਖ ਅਨੰਦ ਪੁਰੋਂ ਸਿਖ ਆਵੇਗਾ ਤੇ ਲੈ ਜਾਵੇਗਾ।"

ਜਿਸ ਗੁਰ ਬਿਲਾਸ ਵਿਚ ਨੌਵੇਂ ਪਾਤਸ਼ਾਹ ਜੀ ਦੀ ਲਾਸਾਨੀ ਸ਼ਹਾਦਤ ਨੂੰ ਵੀ, ਘਟੀਆ ਕਿਸਮ ਦੀ ਸਵੈ ਹਤਿਆ ਦੇ ਰੂਪ ਵਿਚ ਦਰਸਾਇਆ ਹੋਇਆ ਹੈ, ਵੇਦਾਂਤੀ ਜੀ ਨੇ ਉਸ ਗ੍ਰੰਥ ਦੀ ਕਥਾ ਦੋਬਾਰਾ ਗੁਰਦੁਆਰਿਆਂ ਵਿਚ ਚਾਲੂ ਕਰਵਾਉਣ ਲਈ ਗੁਰਮਤਿ ਵਿਰੋਧੀ ਕੁਕਾਰਜ ਕੀਤਾ ਤੇ ਤਰੱਕੀਆਂ ਪਾਈਆਂ।

**11**-ਗੁਰਬਿਲਾਸ ਦੀ ਭੂਮਿਕਾ ਦੇ ੬੩ ਸਫ਼ੇ ਤੋਂ ੬੯ ਸਫ਼ੇ ਤਕ ਲਿਖੀਆਂ ਖੋਜ ਭਰੀਆਂ ਦਲੀਲਾਂ ਦੇ ਹਵਾਲੇ ਨਾਲ ਸੰਪਾਦਕ ਸਾਹਿਬਾਨ (ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਅਤੇ ਡਾ: ਅਮਰਜੀਤ ਸਿੰਘ ਜੀ) ਨੇ ਗ੍ਰੰਥ ਦਾ ਰਚਨਾ ਕਾਲ ("ਇਕ ਜੇਠ ੧੭੭੪ ਬਿ: ਨੂੰ ਲਿਖਣਾ ਆਰੰਭ ਹੋ ਕੇ) ੨੨ ਦਿਨ ਸਾਵਣ ਬਤੀਤਿਆਂ ੧੭੭੫ ਬਿ: ਨੂੰ ਸਮਾਪਤ ਹੋਣ ਦੀ ਪੁਸ਼ਟੀ ਹੋਰ ਇਤਿਹਾਸਕ ਨਾਲ ਕੀਤੀ ਹੋਈ ਹੈ। ਭਾਵ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ੧● ਸਾਲਾਂ ਵਿਚ ਹੀ ਇਹ ਗ੍ਰੰਥ ਤਿਆਰ ਕਰ ਲਿਆ ਗਿਆ ਸੀ। ਗਿਆਨੀ ਸੋਹਨ ਸਿੰਘ ਸੀਤਲ ਦੀ ਰਚਨਾ "ਸਿਖ ਇਤਿਹਾਸ ਦੇ ਸੋਮੇ" ਅਨੁਸਾਰ ਵੀ ਸਿਖ ਜਗਤ ਕੋਲ ਗੁਰੂ ਇਤਿਹਾਸ ਬਾਰੇ ਲਿਖਿਆ ਸਭ ਤੋਂ ਪਹਿਲਾ ਗ੍ਰੰਥ ਗੁਰਬਿਲਾਸ ਪਾਤਸ਼ਾਹੀ ੬ ਹੀ ਹੈ। ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੈ ਕਿ, ਇਹ ਗੁਰਬਿਲਾਸ ਗ੍ਰੰਥ, ਲਿਖਿਆ ਹੀ ਇਸ ਯੋਜਨਾਂ ਅਧੀਨ ਹੈ ਕਿ **ਸਿਖ ਜਗਤ** ਗੁਰੂ ਗ੍ਰੰਥ ਸਾਹਿਬ ਜੀ ਦੇ ਮੰਤਰ ਪਾਠਾਂ ਅਤੇ ਪੂਜਾ ਬੰਦਨਾ ਤੋਂ ਹੀ ਸਾਰੀਆਂ ਆਸਾਂ ਮੁਰਾਦਾਂ ਪੂਰੀਆਂ ਹੁੰਦੀਆਂ ਦੇ ਅਜੇਹੇ ਭਰਮ ਵਿਚ ਫਸ ਜਾਵੇ ਕਿ, ਗੁਰਬਾਣੀ ਨੂੰ ਸਮਝ ਕੇ ਉਸ ਅਨੁਸਾਰ ਆਪਣਾ ਜੀਵਨ ਢਾਲੀ ਰੱਖਣ ਦੀ ਲੋੜ ਨੂੰ ਸਦਾ ਲਈ ਭੁੱਲ ਜਾਵੇ, ਇਨ੍ਹਾਂ ਸਿੱਖਾਂ ਲਈ ਗੁਰੂ ਸ਼ਬਦ-ਵਿਚਾਰ ਸਗੋਂ ਗੁਰਮਤਿ ਵਿਰੋਧੀ ਬਣ ਕੇ ਰਹਿ ਜਾਵੇ। ਗੁਰਮਤਿ ਗਿਆਨ ਦੇ ਵੈਰੀਆਂ ਦੀ ਇਹ ਸਭ ਤੋਂ ਪਹਿਲੀ ਗੁਰਮਤਿ-ਘਾਤਕ ਦੇਣ ਸੀ। ਇਸ ਗ੍ਰੰਥ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖ ਕੇ ਅਪਣਾਉਣਾ ਚਾਹੀਦਾ ਸੀ। ਪਰ ਬੜੀਆਂ ਦੁਖਦਾਈ ਅਤੇ ਜਾਨ ਲੇਵਾ ਭੀੜਾਂ ਪੈ ਜਾਣ ਤੋਂ ਖ਼ਾਲਸਾ ਜੀ ਨੂੰ ਘਰ-ਘਾਟ ਤਿਆਗ ਕੇ ਜੰਗਲਾਂ, ਪਹਾੜਾਂ, ਮਾਰੂ ਥਲਾਂ ਆਦਿ, ਉਜਾੜਾਂ ਵਿਚ ਰਹਿਣਾ ਪਿਆ । ਸਿਖੀ ਦੇ ਧਰਮ ਅਸਥਾਨ ਸੁੰਞੇ ਰਹਿ ਗਾਏ ਤਾਂ ਜਿਵੇ ਤਾੜ ਵਿਚ ਹੀ ਬੈਠਾ ਹੋਵੇ, (ਗੁਰਬਿਲਾਸ-ਰੂਪ ਘਾਤਕ ਸਮੱਗਰੀ ਨੂੰ ਤਿਆਰ ਕਰਨ ਵਾਲਾ ) ਉਦਾਸੀ-ਨਿਰਮਲੇ ਮਹੰਤ-ਰੂਪ **ਬਿੱਪ੍ਰ** ਆਪ ਹੀ, ਸਤਿਗੁਰੂ ਨਾਨਕ ਸਾਹਿਬ ਜੀ ਦੀ ਧਰਮਸ਼ਾਲਾ ਦਾ ਸੰਚਾਲਕ, ਗ੍ਰੰਥੀ, ਪੁਜਾਰੀ ਅਥਵਾ ਸਾਡਾ ਧਾਰਮਿਕ ਆਗੂ ਆ ਬਣਿਆਂ । ਫਿਰ ਮੰਜੀ ਸਾਹਿਬ ਤੋਂ ਲੈ ਕੇ ਇਸ ਗ੍ਰੰਥ ਦੀ ਕਥਾ ਨੇਮ ਨਾਲ ਹੁੰਦੀ ਰਹਿਣ ਦੀ ਮਰਯਾਦਾ, ਲਗ-ਪਗ ਸਾਰੇ ਗੁਰਦੁਆਰਿਆਂ ਵਿਚ ਲਾਗੂ ਹੋ ਗਈ । ਸਿਖਾਂ ਦੇ ਧਾਰਮਿਕ ਜੋੜ-ਮੇਲਿਆਂ ਵਿੱਚ ਜਾਂ ਹੋਰ ਖ਼ਾਲਸਾਈ ਇਕਤ੍ਰਤਾਵਾਂ ਵਿਚ ਇਸ ਗ੍ਰੰਥ ਵਿਚਲੇ ਗੁਰਮਤਿ-ਵਿਰੋਧੀ ਪ੍ਰਸੰਗ ਬੜੀ ਸ਼ਰਧਾ ਨਾਲ ਸੁਣੇ ਜਾਂਦੇ ਰਹੇ। ਜਿਸ ਦਾ ਹੀ ਸਿੱਟਾ ਹੈ ਕਿ, ਗੁਰਬਿਲਾਸ ਪਾਤਸ਼ਾਹੀ ੬ ਵਿਚਲਾ ਗੁਰਮਤਿ ਵਿਰੋਧੀ ਸਾਰਾ ਝੂਠ, ਸਾਡੀ ਪਰੰਪਰਾ ਅਥਵਾ ਸਾਡੀ ਸ਼ਰਧਾ ਦਾ ਕੇਂਦਰ ਅਜੇਹਾ ਬਣਿਆ ਕਿ, ਅੱਜ ਸਾਡੇ ਆਗੂ ਵੀ ਉਸ ਬ੍ਰਾਹਮਣੀ ਚਕਰਵੀਊ ਵਿਚੋਂ ਬਾਹਰ ਆਉਣਾ ਗੁਰਮਤਿ ਦੀ ਅਵੱਗਿਆ ਮੰਨ ਰਹੇ ਹਨ। ਇਸ ਸਚਾਈ ਦਾ ਪ੍ਰਤੱਖ ਸਬੂਤ ਇਹ ਹੈ ਕਿ, **ਸਨਮਾਨ ਯੋਗ ਵੇਦਾਂਤੀ ਜੀ ਸਮੇਤ, ਭਾਵੇਂ ਸਾਰੇ ਸਿਰਮੋਰ ਸਿੰਘ ਸਾਹਿਬਾਨ ਵਿਚੋਂ ਕੋਈ ਵੀ ਇਸ ਗ੍ਰੰਥ ਵਿਚੋਂ ਅਜੇਹੇ ਕਿਸੇ ਇਕ ਵੀ ਪ੍ਰਸੰਗਾਂ ਦੀ ਦਸ ਨਹੀਂ ਪਾ ਸਕਿਆ ਜੋ ਸਾਰੇ ਦਾ ਸਾਰਾ ਗੁਰੂ ਸ਼ਬਦ ਗਿਆਨ ਦੀ ਕਸਵੱਟੀ ਤੇ ਪੂਰਾ ਉਤਰਦਾ ਹੋਵੇ,** ਫਿਰ ਵੀ (ਵਟਾਏ ਰੂਪ ਨਾਲ ਉਸੇ ਹੀ ਸਮੱਗਰੀ ਵਾਲਾ) ਗੁਰਬਿਲਾਸ ਅਤੇ ਹੋਰ ਗ੍ਰੰਥ ਬਜ਼ਾਰਾਂ ਵਿਚ ਧੜਾ ਧੜ ਵਿਕ ਰਹੇ ਹਨ। ਦਾਸ ਨੇ ਤਾਂ (***ਉਸ ਗੁਰਬਿਲਾਸ ਦੇ ਸੰਪਾਦਕ ਅਥਵਾ ਪ੍ਰਸੰਸਕ***) ਸਿਰਮੋਰ ਸਿੰਘ ਸਾਹਿਬਾਨ ਦੀ ਸੇਵਾ ਵਿਚ ਇਹ ਵੀ ਲਿਖ ਭੇਜਿਆ ਸੀ, ਕਿ ਜਿਸ ਰੂਪ ਵਿਚ ਗੁਰਬਿਲਾਸ ਦੀ ਸੰਪਾਦਨਾ ਕਰਕੇ ਰੀਲੀਜ਼ ਕਰਨ ਦਾ ਗੰਭੀਰ ਪੰਥਕ ਧ੍ਰੋਹ ਉਨ੍ਹਾਂ ਨੇ ਕੀਤਾ ਅਤੇ ਤਰੱਕੀਆਂ ਮਾਣ ਰਹੇ ਹਨ, ਜੇ ਅਜੇਹਾ ਅਪਰਾਧ ਕਿਸੇ ਭਰਮ ਅਧੀਨ ਦਾਸ ਕੋਲੋਂ ਹੋ ਗਿਆ ਹੁੰਦਾ, ਅਤੇ ਕੋਈ ਸੱਜਣ ਪਿਆਰਾ ਗੁਰੂ ਬਾਣੀ ਦੇ ਪ੍ਰਮਾਣਾ ਦੁਆਰਾ ਅਸਲੀਅਤ ਦੇ ਦਰਸ਼ਨ ਕਰਾ ਦੇਂਦਾ, ਤਾਂ ਦਾਸ ਨੇ ਖ਼ਾਲਸਾ ਜੀ ਦੀ ਕਚਿਹਰੀ ਵਿਚ ਹਾਜ਼ਰ ਹੋ ਕੇ ਦੁਹਾਈਆਂ ਦੇਣੀਆਂ ਸਨ ਕਿ, "ਹੇ ਸਿਖ ਜਗਤ ਦੇ ਜਥੇਦਾਰ ਸਿੰਘ ਸਾਹਿਬਾਨ ਜੀਉ ! ਸਿਖ ਪੰਥ ਨੂੰ ਕਰਮਕਾਂਡੀ ਬਿੱਪ੍ਰੀ ਰੀਤਾਂ ਦੇ ਧਾਰਨੀ ਬਣਾ ਕੇ, ਦੇਵੀ ਦੇਵਤਿਆਂ ਦੇ ਮੰਦਰਾਂ ਦੇ ਪੁਜਾਰੀ ਬਣਾ ਦੇਣ ਦੀ ਸਮਰਥਾ ਵਾਲੇ ਇਸ ਗ੍ਰੰਥ ਨੂੰ ਸਿਖਾਂ ਲਈ ਧਰਮ-ਪੁਸਤਕ ਬਣਾਉਣ ਲਈ ਚਾਲਾਂ ਚਲਦਾ ਰਹਿਣ ਵਾਲੇ ਇਸ ਨੀਚ **ਦਾਸਰੇ ਨੂੰ,** ਧਰਤੀ ਵਿਚ ਗੱਡ ਕੇ ਕੁੱਤਿਆਂ ਤੋਂ ਤੁੜਵਾ ਦੇਣਾ ਹੀ ਯੋਗ ਡੰਡ ਹੈ।

**12**-ਦਾਸ ਦੀ ਕਿਸੇ ਵੀ ਚਨੌਤੀ ਦਾ ਕੋਈ ਉੱਤਰ ਨਾ ਦੇ ਕੇ ਵਾਸਤਵ ਵਿਚ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ, ਆਪ ਹੀ ਦੋਸ਼ੀ ਸਿੱਧ ਹੋ ਚੁੱਕੇ ਹਨ, ਪਰ *ਹੈਰਾਨੀ ਹੈ ਕਿ, ਬਦਲਾ ਲਊ ਰੁਚੀਆਂ ਵਾਲੇ ਕ੍ਰੋਧੀ* (**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ** ॥) *ਬੇਦਲੀਲੇ* ਜ਼ਾਲਮ ਹਾਕਮਾਂ ਵਾਂਗ ਉਲਟੇ ਦਾਸ ਵਿਰੁਧ ਆਪ ਹੀ ਜੱਜ ਬਣ ਬੈਠੇ । ਦਾਸ ਨੂੰ ਦੋਸ਼ੀ ਘੋਸ਼ਤ ਕਰਨ ਲਈ ਦਾਸ ਦੀਆਂ ਉਨ੍ਹਾਂ ਪੁਸਤਕਾਂ ਵਿਚੋਂ ਜਿਨ੍ਹਾਂ ਦਾ ਪ੍ਰਤੇਕ ਵਿਸ਼ਾ (***ਪੰਜ ਤੋਂ ਲੈ ਕੇ ੧੦੦ ਤੋਂ ਵੀ ਵੱਧ ਗੁਰੂ ਸ਼ਬਦ ਪਰਮਾਣਾ ਸਹਿਤ***) ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਗੂੜ੍ਹੀ ਛਾਂ ਮਾਣਦਿਆਂ ਲਿਖਿਆ ਹੋਇਆ ਹਨ, ਅਤੇ ਬਿਨਾ ਕਿਸੇ ਗੁਰੂ ਸ਼ਬਦ ਦੇ ਹਵਾਲੇ ਨਾਲ ਜਿਸ ਦੀ ਦਾਸ ਨੇ ਅਵੱਗਿਆ ਕੀਤੀ ਹੋਵੇ, ਆਪਣੀ ਵਿਉਂਤ ਨਾਲ ਨਿਖੇੜੇ ਅਜੇਹੇ ਬਚਨਾਂ ਤੋਂ ਦਾਸ ਨੂੰ ਦੋਸ਼ੀ ਮਿਥ ਲਿਆ, ਜਿਹੜੇ ਬਚਨ ਆਪਣੀ ਉਸੇ ਥਾਂ ਤੇ ਰਹਿੰਦਿਆਂ (***ਜਿਥੋਂ ਬਦਲਾ ਲਊ ਭਾਵਨਾ ਅਧੀਨ ਨਿਖੇੜ ਕੇ ਵਰਤਿਆ ਜਾ ਰਿਹਾ ਹੈ***) ਲਾਹੇਵੰਦ ਗੁਰਮਤਿ-ਸਿਖਿਆ ਦੇ ਰਹੇ ਹਨ। (**ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਦੋਸ਼ਪੱਤਰ-ਰੂਪ ਆਦੇਸ਼ ਦੇ ਉਤਾਰੇ ਦੇ ਨਾਲ ਦਾਸ ਲਿਖਤੀ ਸਪੱਸ਼ਟੀ ਕਰਨ ਜਿਸ ਵਿਚ ਉਨ੍ਹਾਂ ਚੁਣੇ ਹੋਏ ਬਚਨਾਂ ਨੂੰ ਪੁਸਤਕ ਦੀਆਂ ਸਬੰਧਤ ਅਗਲੀਆਂ ਪਿਛਲੀਆਂ ਲਿਖਤਾ ਦੇ ਨਾਲ ਉਨ੍ਹਾਂ ਨਿਖੇੜੇ ਹੋਏ ਬਚਨਾਂ ਨੂੰ ਉਨ੍ਹਾਂ ਦੇ ਅਸਲੀ ਥਾਂ ਤੇ ਦਰਸਾਇਆ ਹੋਇਆ ਹੈ ਵੀ, ਏਸੇ E.Mail ਵਿਚ ਹੀ ਭੇਜਿਆ ਗਿਆ ਹੈ ਜੀ**)

**ਸਤਿਕਾਰ ਯੋਗ ਪ੍ਰਧਾਨ ਸਾਹਿਬ ਜੀਓ !** (ੳ)-ਗੁਰਬਿਲਾਸ ਦੀ ਸੰਪਾਦਨਾ ਵਾਲੇ ਘਿਣਾਵਣੇ ਦੋਸ਼ ਬਾਰੇ, (ਅ) ਬ੍ਰਾਹਮਣਵਾਦ ਨੂੰ ਨੰਗਾ ਕਰਕੇ ਗੁਰਮਤਿ ਨੂੰ ਉਜਾਗਰ ਕਰਨ ਵਾਲੀ ਨਿਸ਼ਕਾਮ ਸੇਵਾ ਦੇ ਬਦਲੇ ਇਸ ਦਾਸਰੇ ਦੇ ਵਿਰੁੱਧ ਕੀਤੇ ਜਾ ਰਹੇ ਧੱਕੇ ਬਾਰੇ, ਸਨਮਾਨ ਯੋਗ ਵੇਦਾਂਤੀ ਜੀ ਦੇ ਕਿਰਦਾਰ ਬਾਰੇ, ਗੁਰਮੁਖਾਂ ਵਾਲੀ ਗੁਰਮਤਿ ਬਿਬੇਕਤਾ ਨਾਲ ਪਰਖ ਕਰਕੇ ਗੁਰਮਤਿ ਦੀ ਕਸਵੱਟੀ ਤੇ ਪੂਰਾ ਉੱਤਰਦੇ ਨਿਆਂ ਦੀ ਬਖ਼ਸ਼ਸ਼ ਕੀਤੀ ਜਾਵੇ। ਜੋਦੜੀ ਪੱਤਰ ਲਿਖਦਿਆ ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਸਤਿਗੁਰੂ ਜੀ ਦੇ ਦਰ ਦੇ ਇਸ ਭੁੱਲੜ ਕੂਕਰ ਨੂੰ ਖਿਮਾ ਕਰਨਾ ਜੀ। ਗੁਰਮਤਿ ਅਨੁਸਾਰ ਜੀਵਨ ਬਤੀਤ ਕਰ ਰਹੇ ਗੁਰਮੁਖਾਂ ਦੀ ਚਰਨ ਧੂੜ- ਦਾਸਰਾ, ਗੁਰਬਖ਼ਸ਼ ਸਿੰਘ

*****

ੴ ਸਤਿਗੁਰ ਪ੍ਰਸਾਦਿ॥

# SINGH SABHA INTERNATIONAL

## APPLICATION FOR MEMBERSHIP

**SECTION 1.04 MISSION STATEMENT**

Ensure, safeguard and promote correct exposition of the teachings of Aad Guru Granth Sahib.
Interpretation of Gurbani and representation of Sikhi in their real perspective.
Project and popularize healthy and proper image of Sikh culture and institutions.

**SECTION 1.05 OBJECTIVES**

i) Establish, maintain and manage an institution for standardized and correct study and research of Gurbani and Gurmat, and for training suitable persons for propagation and dissemination of Gurbani's teachings through publications, conferences, seminars, group discussions in Gurdwaras and homes where some intellectuals can gather.

ii) Promote Sikh way of life in accordance with the teachings given in Gurbani incorporated into the Aad Guru Granth Sahib and by Sikh Rehat Maryada (Code of Conduct) laid down by Sri Akal Takhat Sahib as an institution.

iii) Cooperate with other Panthic organizations working for safeguarding, maintaining and promoting independent status of Sri Akal Takhat Sahib.

iv) Support all those institutions that are teaching Gurbani. Develop and promote programs for education of Sikh youth and others about Gurmat, Sikh history, Punjabi language and culture, through organizing lectures, seminars, symposiums, conferences and Gurmat camps on Sikh religion.

v) Organize Sikh Sewa Dal in conformity with Sikh tradition and inculcate the spirit of selfless service among Sikh youth.

vi) Develop programs for eradication of the evils of caste system and social inequality among Sikhs.

vii) Check and oppose growth of Santwad and Derawad.

viii) Protect and promote Sikh interests throughout the world.

ix) Own and operate a Gurudwara.

x) Own and operate a Missionary College.

I…………………………………………………………………………endorse the mission statement and objectives of the SSI given in Section 1.04 and 1.05 of these Bylaws and pledge to work for the fulfillment and promotion of the objectives of the SSI.

Please choose one of the following memberships. Patron and Life member dues may be paid in ten equal installments. Please make cheques payable to Khalsa Tricentennial Foundation of N.A. Inc. and mail to Sikh Center Roseville, 201 Berkeley Ave. Roseville, CA 95678. Tax-exempt receipt will be issued by KTF.

1. Student Member $ 25.00 Please mention the Institution being attended.
2. General Member $ 100.00
3. Life Member $ 1,000.00
4. Patron Member $ 5,000.00
4. Institutional Member $ 1,000.00
5. Donation $______________________________

Patron Members Please Name The Loved Ones: ______________________________________________

______________________________________________________________________________________

Name: Please print first name first. ________________________________________________________

Address: ______________________________________________________________________________

Tel/Fax/e-mail: _________________________________________________________________________

Signature: ____________________________________________________Date: _____________________

**Following May Be Ordered From The Sikh Center Roseville**
**201 Berkeley Ave, Roseville, CA 95678**
GURU GRANTH SAHIB VOLUMES ARE AVAILABLE **FREE** FROM ROSEVILLE SIKH CENTER.

**Books by Gurbakhsh Singh Kala Afghana available from Sikh Center Roseville:**

1. Seven volume set of "Bipran Ki Reet Ton Sach Da Maarag" Bheta U.S. $ 10.00 **per volume**. (May be ordered individually)
2. One volume "Maas Maas Kar Moorakh Jhagre" Bheta U.S. $ 10.00
3. Bachittar Natak– Bheta U.S. $10.00
   Note: *Items 1,2, and 3 combined please add U.S. $ 10.00 for postage. For individual volumes please add $3 for postage.* Please make checks payable to KTF of N.A. Inc.

**Others Books available from Sikh Center Roseville:**

4. Sikh Religion and Christianity, author G.S. Sidhu, UK. ] Bheta $5.00 including postage
5..Sikh Relgion and Islam, authors G.S. Sidhu and Gurmukh Singh, UK.] for both
6. Teaching Sikh Heritage To The Youth, author Dr. Gurbakhsh Singh. Bheta $5.00, including postage. For bulk copies please write to Canadian Sikh Study and Teaching Society #108, 1083 SE Kent St. Vancouver, B.C. V5X4V9, Canada.
7..“Sikhs in Hisotry” by Dr. Sangat Singh, Paper Back, Bheta $10.00, Hard Back, Bheta $15.00, including postage.
8. Gurbani CD and SGPC publications **FREE**. We pay the postage.
9. ਦਸਮ ਗ੍ਰੰਥ ਨਿਰਣੈ, ਗਿਆਨੀ ਭਾਗ ਸਿੰਘ, ਅੰਬਾਲਾ॥ Bheta $10.00 including postage

**Books available from other sources:**

10. Avtar Singh Dhami, 3336 Bridge Road, Hayward, CA 94545. Various titleson Religious books, including publications of Missionary College Ludhiana.
11. **Thanks to S. Avtar Singh Dahami, Dr. Sahib Singh's 'Sri Guru Granth Sahib Darpan' is now on : www.gurugranthdarpan.com**
12. Dr I. J. Singh, 2414 Capri Place, North Bellmore, NY. 11710-1624. 1. The Sikh Way: A Pilgrim's Progress. 2. Sikhs And Sikhism: AView With A Bias

## Your kind donations are used to print religious literature and this Bulletin

Khalsa Tricentennial Foundation of North America Inc.
The Sikh Center Roseville
Gurdwara Sahib Roseville
201 Berkeley Ave
Roseville, CA 95678

Address
Label
Here

If you do not wish to receive this bulletin, please write '*do not mail*' across the label and return to sender.
If you wish for someone else to receive it, please provide us with their mailing address. Thank you.